


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Tuesday 12 May, 2026 | website: www.cee7news.com

## ਮੁੱਖ ਮੰਤਰੀ ਭਗਵੰਤ ਮਾਨ ਦੇ ਚਚੇਰੇ ਭਰਾ ਗਿਆਨ ਸਿੰਘ ਮਾਨ ਸੋਮਵਾਰ ਨੂੰ ਭਾਜਪਾ ਵਿੱਚ ਸ਼ਾਮਲ




ਪੰਜਾਬ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਵੱਡਾ ਫੇਰਬਦਲ ਦੇਖਣ ਨੂੰ ਮਿਲਿਆ ਜਦੋਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਚਚੇਰੇ ਭਰਾ ਗਿਆਨ ਸਿੰਘ ਮਾਨ ਆਮ ਆਦਮੀ ਪਾਰਟੀ (ਆਪ) ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋ ਗਏ। ਇਹ ਘਟਨਾਕ੍ਰਮ ਮੁੱਖ ਮੰਤਰੀ ਮਾਨ ਲਈ ਇੱਕ ਨਿੱਜੀ ਅਤੇ ਸਿਆਸੀ ਝਟਕਾ ਮੰਨਿਆ ਜਾ ਰਿਹਾ ਹੈ।ਗਿਆਨ ਸਿੰਘ ਮਾਨ, ਜੋ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਪਿਤਾ ਦੇ ਛੋਟੇ ਭਰਾ ਦੇ ਪੁੱਤਰ ਹਨ, ਅੱਜ ਚੰਡੀਗੜ੍ਹ ਵਿਖੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿੱਚ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸੂਤਰਾਂ ਅਨੁਸਾਰ ਗਿਆਨ ਸਿੰਘ ਮਾਨ ਅਤੇ ਭਗਵੰਤ ਮਾਨ ਦਾ ਰਿਸ਼ਤਾ ਕਾਫੀ ਨਜ਼ਦੀਕੀ ਹੈ, ਕਿਉਂਕਿ ਉਨ੍ਹਾਂ ਦੀਆਂ ਮਾਤਾਵਾਂ ਵੀ ਆਪਸ ਵਿੱਚ ਸਕੀਆਂ ਭੈਣਾਂ ਹਨ।ਸਿਰਫ਼ ਗਿਆਨ ਸਿੰਘ ਮਾਨ ਹੀ ਨਹੀਂ, ਸਗੋਂ 'ਆਪ' ਦੇ ਕੁਝ ਹੋਰ ਅਹਿਮ ਆਗੂਆਂ ਨੇ ਵੀ ਭਾਜਪਾ ਦਾ ਪੱਲਾ ਫੜਿਆ ਹੈ। ਇਹਨਾਂ ਵਿੱਚ ਬਲਜਿੰਦਰ ਬਰਨਾਲਾ ਅਤੇ ਪਾਰਟੀ ਦੇ ਜ਼ੋਨਲ ਇੰਚਾਰਜ ਮਨਜਿੰਦਰ ਖਹਿਰਾ ਦੇ ਨਾਂ ਪ੍ਰਮੁੱਖ ਹਨ। ਇਹਨਾਂ ਆਗੂਆਂ ਦਾ ਕਹਿਣਾ ਹੈ ਕਿ ਉਹ ਮੌਜੂਦਾ ਸਰਕਾਰ ਦੀਆਂ ਨੀਤੀਆਂ ਅਤੇ ਕਾਰਜਪ੍ਰਣਾਲੀ ਤੋਂ ਅਸੰਤੁਸ਼ਟ ਸਨ, ਸ਼ਮੂਲੀਅਤਾਂ ਪਾਰਟੀ ਦੇ ਮਨੋਬਲ 'ਤੇ ਅਸਰ ਪਾਉਂਦੀਆਂ ਹਨ। ਸੁਨੀਲ ਜਾਖੜ ਨੇ ਇਸ ਮੌਕੇ ਕਿਹਾ ਕਿ ਲੋਕ ਹੁਣ ਆਮ ਆਦਮੀ ਪਾਰਟੀ ਦੇ 'ਬਦਲਾਅ' ਦੇ ਦਾਅਵਿਆਂ ਤੋਂ ਅੱਕ ਚੁੱਕੇ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਵਿੱਚ ਵਿਸ਼ਵਾਸ ਜਤਾ ਰਹੇ ਹਨ। ਗਿਆਨ ਸਿੰਘ ਮਾਨ ਦਾ ਭਾਜਪਾ ਵਿੱਚ ਜਾਣਾ ਇਹ ਸੰਕੇਤ ਦਿੰਦਾ ਹੈ ਕਿ ਮੁੱਖ ਮੰਤਰੀ ਦੇ ਆਪਣੇ ਘਰੇਲੂ ਹਲਕੇ ਅਤੇ ਪਰਿਵਾਰ ਵਿੱਚ ਵੀ ਸਿਆਸੀ ਵਿਰੋਧ ਪੈਦਾ ਹੋ ਰਿਹਾ ਹੈ।

### Cee7news PSEB 10ਵੀਂ ਨਤੀਜੇ: ਪੇਂਡੂ ਵਿਦਿਆਰਥੀਆਂ ਨੇ ਸ਼ਹਿਰੀਆਂ ਨੂੰ ਪਛਾੜਿਆ

## ਸੂਬੇ ਵਿੱਚ ਆਈ 'ਸਿੱਖਿਆ ਕ੍ਰਾਂਤੀ' ਦਾ ਨਤੀਜਾ ਦੱਸਿਆ ਹੈ

ਪੰਜਾਬ ਸਕੂਲ ਸਿੱਖਿਆ ਬੋਰਡ (PSEB) ਵੱਲੋਂ ਐਲਾਨੇ ਗਏ 10ਵੀਂ ਜਮਾਤ ਦੇ ਨਤੀਜਿਆਂ ਵਿੱਚ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਨੇ ਸ਼ਹਿਰੀ ਖੇਤਰਾਂ ਦੇ ਵਿਦਿਆਰਥੀਆਂ ਨੂੰ ਪਛਾੜਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਇਤਿਹਾਸਕ ਪ੍ਰਾਪਤੀ 'ਤੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਸੂਬੇ ਵਿੱਚ ਆਈ 'ਸਿੱਖਿਆ ਕ੍ਰਾਂਤੀ' ਦਾ ਨਤੀਜਾ ਦੱਸਿਆ ਹੈ।
ਨਤੀਜਿਆਂ ਦਾ ਵੇਰਵਾ: ਪੇਂਡੂ ਬਨਾਮ ਸ਼ਹਿਰੀਇਸ ਸਾਲ 10ਵੀਂ ਜਮਾਤ ਦੀ ਪ੍ਰੀਖਿਆ ਵਿੱਚ ਪੇਂਡੂ ਖੇਤਰ ਦੇ ਵਿਦਿਆਰਥੀਆਂ ਦੀ ਪਾਸ ਪ੍ਰਤੀਸ਼ਤਤਾ 95.35% ਰਹੀ ਹੈ, ਜੋ ਕਿ ਸ਼ਹਿਰੀ ਖੇਤਰ ਦੇ ਵਿਦਿਆਰਥੀਆਂ (92.98%) ਨਾਲੋਂ ਲਗਭਗ 2.3 ਪ੍ਰਤੀਸ਼ਤ ਜ਼ਿਆਦਾ ਹੈ। ਅੰਕੜਿਆਂ ਮੁਤਾਬਕ:ਪੇਂਡੂ ਖੇਤਰ: ਕੁੱਲ 1,74,958 ਵਿਦਿਆਰਥੀ ਪ੍ਰੀਖਿਆ ਵਿੱਚ ਬੈਠੇ ਸਨ, ਜਿਨ੍ਹਾਂ ਵਿੱਚੋਂ 1,66,830 ਵਿਦਿਆਰਥੀ ਪਾਸ ਹੋਏ।ਸ਼ਹਿਰੀ ਖੇਤਰ: ਕੁੱਲ 94,547 ਵਿਦਿਆਰਥੀ ਪ੍ਰੀਖਿਆ ਵਿੱਚ ਬੈਠੇ ਸਨ, ਜਿਨ੍ਹਾਂ ਵਿੱਚੋਂ 87,914 ਵਿਦਿਆਰਥੀ ਪਾਸ ਹੋਏ।ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਨੁਸਾਰ, ਇਹ ਪਹਿਲੀ ਵਾਰ ਹੈ ਕਿ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚਕਾਰ ਪਾੜਾ ਇੰਨਾ ਘੱਟ ਹੋਇਆ ਹੈ ਅਤੇ ਪੇਂਡੂ ਖੇਤਰਾਂ ਨੇ ਵੱਡੀ ਲੀਡ ਹਾਸਲ ਕੀਤੀ ਹੈ। ਉਹਨਾਂ ਨੇ ਕਿਹਾ ਕਿ ਪਹਿਲਾਂ ਇਹ ਧਾਰਨਾ ਸੀ ਕਿ ਵਧੀਆ ਸਿੱਖਿਆ ਸਿਰਫ਼ ਸ਼ਹਿਰਾਂ ਤੱਕ ਸੀਮਤ ਹੈ, ਪਰ ਭਗਵੰਤ ਮਾਨ ਸਰਕਾਰ ਦੇ ਯਤਨਾਂ ਸਦਕਾ ਹੁਣ ਪਿੰਡਾਂ ਦੇ ਬੱਚੇ ਵੀ ਮੱਲਾਂ ਮਾਰ ਰਹੇ ਹਨ। ਸੂਬੇ ਦੇ ਟੌਪਰ ਅਤੇ ਪ੍ਰਦਰਸ਼ਨਇਸ ਸਾਲ ਜੈਤੋ (ਫਰੀਦਕੋਟ) ਦੀ ਹਰਲੀਨ ਸ਼ਰਮਾ ਨੇ 650 ਵਿੱਚੋਂ 646 ਅੰਕ (99.38%) ਪ੍ਰਾਪਤ ਕਰਕੇ ਪੂਰੇ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਦੂਜੇ ਸਥਾਨ 'ਤੇ ਰੂਪਨਗਰ ਦੇ ਮਨੀਮਹੇਸ਼ ਸ਼ਰਮਾ (99.23%) ਅਤੇ ਤੀਜੇ ਸਥਾਨ 'ਤੇ ਹੁਸ਼ਿਆਰਪੁਰ ਦੀ ਰੀਆ ਰਾਣੀ ਰਹੀ। ਕੁੱਲ 2,69,505 ਵਿਦਿਆਰਥੀਆਂ ਵਿੱਚੋਂ 2,54,744 ਵਿਦਿਆਰਥੀ ਪਾਸ ਹੋਏ ਹਨ, ਜਿਸ ਨਾਲ ਸੂਬੇ ਦੀ ਕੁੱਲ ਪਾਸ ਪ੍ਰਤੀਸ਼ਤਤਾ 94.52% ਰਹੀ ਹੈ।
ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਬਿਆਨਹਰਜੋਤ ਬੈਂਸ ਨੇ ਨਤੀਜਿਆਂ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਨਤੀਜਾ ਸਿਰਫ਼ ਇੱਕ ਅੰਕੜਾ ਨਹੀਂ ਹੈ, ਸਗੋਂ ਪੰਜਾਬ ਸਰਕਾਰ ਦੀਆਂ ਸਿੱਖਿਆ ਨੀਤੀਆਂ ਦਾ 'ਰਿਪੋਰਟ ਕਾਰਡ' ਹੈ। ਉਹਨਾਂ ਨੇ ਇਸ ਕਾਮਯਾਬੀ ਦਾ ਸਿਹਰਾ ਹੇਠ ਲਿਖੇ ਕਾਰਨਾਂ ਨੂੰ ਦਿੱਤਾ:ਸਿੱਖਿਆ ਕ੍ਰਾਂਤੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਵੱਡਾ ਸੁਧਾਰ ਕੀਤਾ ਗਿਆ ਹੈ।
ਸਕੂਲ ਆਫ਼ ਐਮੀਨੈਂਸ: ਪਿੰਡਾਂ ਅਤੇ ਕਸਬਿਆਂ ਵਿੱਚ ਬਣਾਏ ਗਏ 'ਸਕੂਲ ਆਫ਼ ਐਮੀਨੈਂਸ' ਨੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਦਿੱਤੀਆਂ ਹਨ।
ਅਧਿਆਪਕਾਂ ਦੀ ਸਿਖਲਾਈ: ਅਧਿਆਪਕਾਂ ਨੂੰ ਸਿੰਗਾਪੁਰ ਅਤੇ ਫਿਨਲੈਂਡ ਭੇਜ ਕੇ ਕਰਵਾਈ ਗਈ ਸਿਖਲਾਈ ਦਾ ਅਸਰ ਜਮਾਤਾਂ ਵਿੱਚ ਦੇਖਣ ਨੂੰ ਮਿਲ ਰਿਹਾ ਹੈ।
ਸਰਕਾਰੀ ਸਕੂਲਾਂ ਦਾ ਬਦਲਦਾ ਸਰੂਪ:



ਹੁਣ ਸਰਕਾਰੀ ਸਕੂਲਾਂ ਵਿੱਚ 99% ਬਿਜਲੀ ਸਹੂਲਤ, 80% ਤੋਂ ਵੱਧ ਸਮਾਰਟ ਕਲਾਸਰੂਮ ਅਤੇ ਬਿਹਤਰ ਵਿਦਿਆਰਥੀ-ਅਧਿਆਪਕ ਅਨੁਪਾਤ (22:1) ਮੌਜੂਦ ਹੈ।ਮੰਤਰੀ ਬੈਂਸ ਨੇ ਇਹ ਵੀ ਸਾਂਝਾ ਕੀਤਾ ਕਿ ਹਾਲ ਹੀ ਵਿੱਚ ਨੀਤੀ ਆਯੋਗ ਦੀ 'ਐਜੂਕੇਸ਼ਨ ਕੁਆਲਿਟੀ ਰਿਪੋਰਟ 2026' ਵਿੱਚ ਪੰਜਾਬ ਨੂੰ ਸਕੂਲੀ ਸਿੱਖਿਆ ਵਿੱਚ ਦੇਸ਼ ਦਾ ਸਭ ਤੋਂ ਉੱਤਮ ਸੂਬਾ ਮੰਨਿਆ ਗਿਆ ਹੈ। ਪੰਜਾਬ ਨੇ ਕੇਰਲਾ ਵਰਗੇ ਸੂਬਿਆਂ ਨੂੰ ਵੀ ਪਛਾੜ ਦਿੱਤਾ ਹੈ। ਖ਼ਾਸਕਰ ਪੇਂਡੂ ਅਤੇ ਸ਼ਹਿਰੀ ਪਾੜੇ ਨੂੰ ਘੱਟ ਕਰਨ ਲਈ ਨੀਤੀ ਆਯੋਗ ਨੇ ਪੰਜਾਬ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਹੈ।ਕਿਹਾ ਕਿ ਸਰਕਾਰ ਦਾ ਅਗਲਾ ਟੀਚਾ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ (JEE, NEET) ਲਈ ਤਿਆਰ ਕਰਨਾ ਹੈ।

### Cee7news ਮੌਜੂਦਾ ਸਮੇਂ ਵਿੱਚ ਸਭ ਤੋਂ ਵੱਡੀ ਤਰਜੀਹ ਮਨੁੱਖੀ ਜਾਨਾਂ ਨੂੰ ਬਚਾਉਣਾ ਅਤੇ ਬੁਨਿਆਦੀ ਢਾਂਚੇ ਨੂੰ ਜਲਦੀ ਤੋਂ ਜਲਦੀ ਬਹਾਲ ਕਰਨਾ ਹੈ


## ਹਿਮਾਚਲ ਪ੍ਰਦੇਸ਼ ਵਿੱਚ ਕੁਦਰਤ ਦਾ ਕਹਿਰ ਤੂਫ਼ਾਨ ਨੇ ਮਚਾਈ ਭਾਰੀ ਤਬਾਹੀ

ਹਿਮਾਚਲ ਪ੍ਰਦੇਸ਼, ਜਿਸ ਨੂੰ ਅਸੀਂ ਆਪਣੀ ਸੁੰਦਰਤਾ ਅਤੇ ਸ਼ਾਂਤ ਵਾਤਾਵਰਣ ਲਈ ਜਾਣਦੇ ਹਾਂ, ਪਿਛਲੇ ਕੁਝ ਦਿਨਾਂ ਤੋਂ ਕੁਦਰਤ ਦੇ ਕਹਿਰ ਦਾ ਸਾਹਮਣਾ ਕਰ ਰਿਹਾ ਹੈ। ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਆਏ ਭਿਆਨਕ ਤੂਫ਼ਾਨ ਅਤੇ ਤੇਜ਼ ਬਾਰਿਸ਼ ਨੇ ਜਨ-ਜੀਵਨ ਨੂੰ ਪੂਰੀ ਤਰ੍ਹਾਂ ਅਸਤ-ਵਿਅਸਤ ਕਰ ਦਿੱਤਾ ਹੈ। ਇਸ ਕੁਦਰਤੀ ਆਫ਼ਤ ਨੇ ਨਾ ਸਿਰਫ਼ ਮਾਲੀ ਨੁਕਸਾਨ ਕੀਤਾ ਹੈ, ਸਗੋਂ ਕਈ ਕੀਮਤੀ ਜਾਨਾਂ ਵੀ ਜੋਖਮ ਵਿੱਚ ਪਾ ਦਿੱਤੀਆਂ ਹਨ।ਤੂਫ਼ਾਨ ਦਾ ਪ੍ਰਭਾਵ ਅਤੇ ਮੌਜੂਦਾ ਸਥਿਤੀਤਾਜ਼ਾ ਰਿਪੋਰਟਾਂ ਅਨੁਸਾਰ, ਹਿਮਾਚਲ ਦੇ ਕਈ ਜ਼ਿਲ੍ਹਿਆਂ ਜਿਵੇਂ ਕਿ ਸ਼ਿਮਲਾ, ਕਾਂਗੜਾ, ਮੰਡੀ ਅਤੇ ਕੁੱਲੂ ਵਿੱਚ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲੀਆਂ ਹਵਾਵਾਂ ਨੇ ਭਾਰੀ ਤਬਾਹੀ ਮਚਾਈ ਹੈ। ਤੇਜ਼ ਹਵਾਵਾਂ ਕਾਰਨ ਸੈਂਕੜੇ ਦਰੱਖਤ ਜੜ੍ਹੋਂ ਉੱਖੜ ਗਏ ਹਨ, ਜਿਸ ਕਾਰਨ ਮੁੱਖ ਮਾਰਗ ਅਤੇ ਸੰਪਰਕ ਸੜਕਾਂ ਬੰਦ ਹੋ ਗਈਆਂ ਹਨ। ਕਈ ਥਾਵਾਂ 'ਤੇ ਦਰੱਖਤਾਂ ਦੇ ਬਿਜਲੀ ਦੀਆਂ ਤਾਰਾਂ 'ਤੇ ਡਿੱਗਣ ਕਾਰਨ ਪੂਰੇ ਦੇ ਪੂਰੇ ਇਲਾਕੇ ਹਨੇਰੇ ਵਿੱਚ ਡੁੱਬ ਗਏ ਹਨ। ਬਿਜਲੀ ਵਿਭਾਗ ਦੇ ਅਧਿਕਾਰੀਆਂ ਅਨੁਸਾਰ, ਸੈਂਕੜੇ ਬਿਜਲੀ ਦੇ ਖੰਭੇ ਟੁੱਟ ਚੁੱਕੇ ਹਨ ਅਤੇ ਸਪਲਾਈ ਨੂੰ ਬਹਾਲ ਕਰਨ ਵਿੱਚ ਕਾਫ਼ੀ ਸਮਾਂ ਲੱਗ ਸਕਦਾ ਹੈ।ਜਾਨੀ ਅਤੇ ਮਾਲੀ ਨੁਕਸਾਨਇਸ ਤੂਫ਼ਾਨ ਨੇ ਰਿਹਾਇਸ਼ੀ ਇਲਾਕਿਆਂ ਵਿੱਚ ਵੀ ਭਾਰੀ ਨੁਕਸਾਨ ਪਹੁੰਚਾਇਆ ਹੈ। ਕਈ ਪਿੰਡਾਂ ਵਿੱਚ ਕੱਚੇ ਘਰਾਂ ਦੀਆਂ ਛੱਤਾਂ ਉੱਡ ਗਈਆਂ ਹਨ ਅਤੇ ਕਈ ਇਮਾਰਤਾਂ ਨੂੰ ਅੰਸ਼ਿਕ ਨੁਕਸਾਨ ਪਹੁੰਚਿਆ ਹੈ। ਵਾਹਨਾਂ ਦੇ ਉੱਪਰ ਦਰੱਖਤ ਡਿੱਗਣ ਕਾਰਨ ਲੋਕਾਂ ਦੀਆਂ ਗੱਡੀਆਂ ਦਾ ਵੀ ਭਾਰੀ ਨੁਕਸਾਨ ਹੋਇਆ ਹੈ। ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ ਇਸ ਤੂਫ਼ਾਨ ਕਾਰਨ ਕੁਝ ਲੋਕਾਂ ਦੇ ਜ਼ਖਮੀ ਹੋਣ ਦੀਆਂ ਵੀ ਖ਼ਬਰਾਂ ਹਨ। ਖੇਤੀਬਾੜੀ ਅਤੇ ਬਾਗਬਾਨੀ ਖੇਤਰ 'ਤੇ ਇਸ ਦਾ ਬਹੁਤ ਮਾੜਾ ਅਸਰ ਪਿਆ ਹੈ। ਹਿਮਾਚਲ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨੇ ਜਾਣ ਵਾਲੇ ਸੇਬਾਂ ਦੇ ਬਾਗਾਂ ਨੂੰ ਤੂਫ਼ਾਨ ਅਤੇ ਗੜੇਮਾਰੀ ਨੇ ਬੁਰੀ ਤਰ੍ਹਾਂ ਨੁਕਸਾਨਿਆ ਹੈ। ਫ਼ਲਦਾਰ ਬੂਟਿਆਂ ਦੇ ਟੁੱਟਣ ਅਤੇ ਫ਼ਲਾਂ ਦੇ ਝੜਨ ਕਾਰਨ ਬਾਗਬਾਨਾਂ ਨੂੰ ਲੱਖਾਂ ਰੁਪਏ ਦਾ ਘਾਟਾ ਪਿਆ ਹੈ।ਪ੍ਰਸ਼ਾਸਨ ਦੀ ਕਾਰਵਾਈ ਅਤੇ ਰਾਹਤ ਕਾਰਜਸੂਬਾ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ ਹੈ। ਮੁੱਖ ਮੰਤਰੀ ਨੇ ਸਾਰੇ ਜ਼ਿਲ੍ਹਾ ਮੈਜਿਸਟ੍ਰੇਟਾਂ ਨੂੰ ਨੁਕਸਾਨ ਦਾ ਜਾਇਜ਼ਾ ਲੈਣ ਅਤੇ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਹਨ। ਐਸ.ਡੀ.ਆਰ.ਐਫ (SDRF) ਅਤੇ ਸਥਾਨਕ ਪੁਲਿਸ ਦੀਆਂ ਟੀਮਾਂ ਸੜਕਾਂ ਤੋਂ ਦਰੱਖਤ ਹਟਾਉਣ ਅਤੇ ਆਵਾਜਾਈ ਨੂੰ ਸੁਚਾਰੂ ਬਣਾਉਣ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ। ਸਰਕਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਦੋਂ ਤੱਕ ਬਹੁਤ ਜ਼ਰੂਰੀ ਨਾ ਹੋਵੇ, ਉਹ ਆਪਣੇ ਘਰਾਂ ਤੋਂ ਬਾਹਰ ਨਾ ਨਿਕਲਣ ਅਤੇ ਉੱਚੇ ਦਰੱਖਤਾਂ ਜਾਂ ਕਮਜ਼ੋਰ ਇਮਾਰਤਾਂ ਦੇ ਨੇੜੇ ਜਾਣ ਤੋਂ ਪਰਹੇਜ਼ ਕਰਨ। ਹਿਮਾਚਲ ਪ੍ਰਦੇਸ਼ ਇੱਕ ਪ੍ਰਮੁੱਖ ਸੈਰ-ਸਪਾਟਾ ਸਥਾਨ ਹੈ, ਪਰ ਇਸ ਤੂਫ਼ਾਨ ਨੇ ਸੈਲਾਨੀਆਂ ਦੀਆਂ ਯੋਜਨਾਵਾਂ 'ਤੇ ਵੀ ਪਾਣੀ ਫੇਰ ਦਿੱਤਾ ਹੈ। ਮਨਾਲੀ ਅਤੇ ਸ਼ਿਮਲਾ ਵਰਗੇ ਸਥਾਨਾਂ 'ਤੇ ਫਸੇ ਸੈਲਾਨੀਆਂ ਨੂੰ ਸੁਰੱਖਿਅਤ ਥਾਵਾਂ 'ਤੇ ਰਹਿਣ ਦੀ ਸਲਾਹ ਦਿੱਤੀ ਗਈ ਹੈ। ਕਈ ਥਾਵਾਂ 'ਤੇ ਜ਼ਮੀਨ ਖਿਸਕਣ (Landslides) ਦੇ ਖ਼ਤਰੇ ਨੂੰ ਦੇਖਦੇ ਹੋਏ ਟ੍ਰੈਕਿੰਗ ਅਤੇ ਹੋਰ ਸਾਹਸੀ ਗਤੀਵਿਧੀਆਂ 'ਤੇ ਅਸਥਾਈ ਤੌਰ 'ਤੇ ਰੋਕ ਲਗਾ ਦਿੱਤੀ ਗਈ ਹੈ।ਮੌਸਮ ਵਿਭਾਗ ਦੀ ਚਿਤਾਵਨੀਮੌਸਮ ਵਿਭਾਗ ਨੇ ਆਉਣ ਵਾਲੇ 24 ਤੋਂ 48 ਘੰਟਿਆਂ ਲਈ 'ਯੈਲੋ ਅਲਰਟ' ਜਾਰੀ ਕੀਤਾ ਹੈ। ਵਿਭਾਗ ਅਨੁਸਾਰ ਪੱਛਮੀ ਗੜਬੜੀ ਦੇ ਸਰਗਰਮ ਹੋਣ ਕਾਰਨ ਅਜੇ ਹੋਰ ਮੀਂਹ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਪਹਾੜੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਖਾਸ ਤੌਰ 'ਤੇ ਸਾਵਧਾਨ ਰਹਿਣ ਲਈ ਕਿਹਾ ਗਿਆ ਹੈ ਕਿਉਂਕਿ ਤੇਜ਼ ਬਾਰਿਸ਼ ਕਾਰਨ ਪਹਾੜਾਂ ਦੇ ਖਿਸਕਣ ਦਾ ਡਰ ਬਣਿਆ ਰਹਿੰਦਾ ਹੈ।ਹਿਮਾਚਲ ਪ੍ਰਦੇਸ਼ ਵਿੱਚ ਆਇਆ ਇਹ ਤੂਫ਼ਾਨ ਸਾਨੂੰ ਕੁਦਰਤ ਦੀ ਤਾਕਤ ਦਾ ਅਹਿਸਾਸ ਕਰਵਾਉਂਦਾ ਹੈ। ਜਿੱਥੇ ਪ੍ਰਸ਼ਾਸਨ ਆਪਣੀ ਪੱਧਰ 'ਤੇ ਰਾਹਤ ਕਾਰਜਾਂ ਵਿੱਚ ਜੁਟਿਆ ਹੋਇਆ ਹੈ, ਉੱਥੇ ਹੀ ਲੋਕਾਂ ਨੂੰ ਵੀ ਸਬਰ ਅਤੇ ਸਾਵਧਾਨੀ ਤੋਂ ਕੰਮ ਲੈਣ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪ੍ਰਭਾਵਿਤ ਕਿਸਾਨਾਂ ਅਤੇ ਬਾਗਬਾਨਾਂ ਲਈ ਵਿਸ਼ੇਸ਼ ਮੁਆਵਜ਼ਾ ਪੈਕੇਜ ਦਾ ਐਲਾਨ ਕਰੇ ਤਾਂ ਜੋ ਉਹ ਇਸ ਵੱਡੇ ਆਰਥਿਕ ਨੁਕਸਾਨ ਤੋਂ ਉੱਭਰ ਸਕਣ। ਮੌਜੂਦਾ ਸਮੇਂ ਵਿੱਚ ਸਭ ਤੋਂ ਵੱਡੀ ਤਰਜੀਹ ਮਨੁੱਖੀ ਜਾਨਾਂ ਨੂੰ ਬਚਾਉਣਾ ਅਤੇ ਬੁਨਿਆਦੀ ਢਾਂਚੇ ਨੂੰ ਜਲਦੀ ਤੋਂ ਜਲਦੀ ਬਹਾਲ ਕਰਨਾ ਹੈ। ।ਮੌਸਮ ਵਿਭਾਗ ਦੀ ਚਿਤਾਵਨੀਮੌਸਮ ਵਿਭਾਗ ਨੇ ਆਉਣ ਵਾਲੇ 24 ਤੋਂ 48 ਘੰਟਿਆਂ ਲਈ 'ਯੈਲੋ ਅਲਰਟ' ਜਾਰੀ ਕੀਤਾ ਹੈ।



ਵਿਭਾਗ ਅਨੁਸਾਰ ਪੱਛਮੀ ਗੜਬੜੀ ਦੇ ਸਰਗਰਮ ਹੋਣ ਕਾਰਨ ਅਜੇ ਹੋਰ ਮੀਂਹ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਪਹਾੜੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਖਾਸ ਤੌਰ 'ਤੇ ਸਾਵਧਾਨ ਰਹਿਣ ਲਈ ਕਿਹਾ ਗਿਆ ਹੈ ਕਿਉਂਕਿ ਤੇਜ਼ ਬਾਰਿਸ਼ ਕਾਰਨ ਪਹਾੜਾਂ ਦੇ ਖਿਸਕਣ ਦਾ ਡਰ ਬਣਿਆ ਰਹਿੰਦਾ ਹੈ।ਹਿਮਾਚਲ ਪ੍ਰਦੇਸ਼ ਵਿੱਚ ਆਇਆ ਇਹ ਤੂਫ਼ਾਨ ਸਾਨੂੰ ਕੁਦਰਤ ਦੀ ਤਾਕਤ ਦਾ ਅਹਿਸਾਸ ਕਰਵਾਉਂਦਾ ਹੈ। ਜਿੱਥੇ ਪ੍ਰਸ਼ਾਸਨ ਆਪਣੀ ਪੱਧਰ 'ਤੇ ਰਾਹਤ ਕਾਰਜਾਂ ਵਿੱਚ ਜੁਟਿਆ ਹੋਇਆ ਹੈ, ਉੱਥੇ ਹੀ ਲੋਕਾਂ ਨੂੰ ਵੀ ਸਬਰ ਅਤੇ ਸਾਵਧਾਨੀ ਤੋਂ ਕੰਮ ਲੈਣ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪ੍ਰਭਾਵਿਤ ਕਿਸਾਨਾਂ ਅਤੇ ਬਾਗਬਾਨਾਂ ਲਈ ਵਿਸ਼ੇਸ਼ ਮੁਆਵਜ਼ਾ ਪੈਕੇਜ ਦਾ ਐਲਾਨ ਕਰੇ ਤਾਂ ਜੋ ਉਹ ਇਸ ਵੱਡੇ ਆਰਥਿਕ ਨੁਕਸਾਨ ਤੋਂ ਉੱਭਰ ਸਕਣ। ਮੌਜੂਦਾ ਸਮੇਂ ਵਿੱਚ ਸਭ ਤੋਂ ਵੱਡੀ ਤਰਜੀਹ ਮਨੁੱਖੀ ਜਾਨਾਂ ਨੂੰ ਬਚਾਉਣਾ ਅਤੇ ਬੁਨਿਆਦੀ ਢਾਂਚੇ ਨੂੰ ਜਲਦੀ ਤੋਂ ਜਲਦੀ ਬਹਾਲ ਕਰਨਾ ਹੈ।ਕੁਦਰਤੀ ਆਫ਼ਤਾਂ ਦੇ ਇਸ ਦੌਰ ਵਿੱਚ, ਭਾਈਚਾਰਕ ਸਾਂਝ ਅਤੇ ਇੱਕ-ਦੂਜੇ ਦੀ ਮਦਦ ਹੀ ਸਭ ਤੋਂ ਵੱਡਾ ਸਹਾਰਾ ਹੁੰਦੀ ਹੈ।

## ਕਿਤਾਬਾਂ ਛਪਵਾਉਣ ਬਾਰੇ ਵਿਚਾਰ



ਕਾਪੀਆਂ ਕਾਲੀਆਂ ਕੀਤੀਆਂ ਲਿਖ ਲਿਖ ਕੇ,
ਇਹਨੂੰ ਪੜ੍ਹਨ ਵਾਲਾ ਦੱਸੋ ਖਾਂ ਕੋਈ ਹੈ ਭਾਈ ?

ਕੌੜੀ ਲੱਗਣੀ ਕਈਆਂ ਨੂੰ ਗੱਲ ਮੇਰੀ,
ਪਰ ਸਚਾਈ ਲਿਖਣ ਦਾ ਨਹੀਂ ਹੈ ਭੈਅ ਭਾਈ।
ਗਾਹਕ ਮੁਫ਼ਤ ਵਾਲੇ ਆਮ ਹੀ ਮਿਲ ਜਾਂਦੇ
ਦੱਸਿਓ ! ਖਰੀਦ ਕੇ ਪੜ੍ਹਦਾ ਵੀ ਕੋਈ ਹੈ ਭਾਈ?

ਕਿਤਾਬਾਂ ਮੁੱਲ ਲੈ ਕੇ ਪਾਠਕ ਜੋ ਪੜ੍ਹਨ ਸਾਰੇ,
ਫਾਰਮੂਲਾ ਹਾਲੇ ਤੱਕ ਹੋਇਆ ਨਹੀਂ ਤਹਿ ਭਾਈ।

ਸਾਹਿਤਕ ਸਮਾਗਮਾਂ ਵਿੱਚ ਜਿਥੇ ਵੀ ਜਾਈਦਾ ਹੈ,
ਕਿਤਾਬਾਂ ਦੋਸਤ ਜ਼ਰੂਰ ਲੈਂਦੇ ਨੇ ਲੈ ਭਾਈ।

ਅਰਥ ਵਿਵਸਥਾ ਫਿਰ ਲੇਖਕ ਦੀ ਕਿਵੇਂ ਸੁਧਰੂ?
ਨੋਟ ਦਰਖਤਾਂ ਨੂੰ ਲੱਗਣ ਵਾਲੀ ਨਹੀਂ ਸ਼ੈਅ ਭਾਈ।

ਮੇਰੇ ਦੋਸਤੋ ਤੁਸੀਂ ਦੱਸਿਓ ਵਿਚਾਰ ਕਰਕੇ,
ਗੱਲ ਝੂਠ ਹੈ ਤਾਂ ਦਿਓ ਤੁਸੀਂ ਕਹਿ ਭਾਈ

ਸ਼ਰਮਾਂ ਉਂਘ ਦੀਆਂ ਪਤਾਲ ਤਾਂ ਮਾਰਦਾ ਨਹੀਂ ,
ਤੁਸੀਂ ਫਿਰ ਮੁਫ਼ਤ ਦੀਆਂ ਕਿਉਂ ਲੈਂਦੇ ਹੋ ਲੈ ਭਾਈ ।

ਸਟੇਟ ਐਵਾਰਡੀ ਲੇਖਕ
ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਜੇਕਰ ਕੋਈ ਆਪਣੀ ਜ਼ਿੰਦਗੀ ਦਾ ਇੱਕ ਘੰਟਾ ਵੀ ਬਰਬਾਦ ਕਰਨ ਦੀ ਹਿੰਮਤ ਕਰਦਾ ਹੈ



ਜੇਕਰ ਕੋਈ ਆਪਣੀ ਜ਼ਿੰਦਗੀ ਦਾ ਇੱਕ ਘੰਟਾ ਵੀ ਬਰਬਾਦ ਕਰਨ ਦੀ ਹਿੰਮਤ ਕਰਦਾ ਹੈ, ਤਾਂ ਮਤਲਬ ਉਸ ਨੂੰ ਅਜੇ ਤੱਕ ਜ਼ਿੰਦਗੀ ਦੀ ਕੀਮਤ ਨਹੀਂ ਪਤਾ।
-ਚਾਰਲਸ ਡਾਰਵਿਨ
ਇਹ ਵਿਚਾਰ ਸਾਨੂੰ ਸਿਖਾਉਂਦਾ ਹੈ ਕਿ ਸਮਾਂ ਬਹੁਤ ਕੀਮਤੀ ਹੈ ਅਸੀਂ ਕਈ ਵਾਰ ਅਣਜਾਣੇ ਵਿੱਚ ਹੀ ਤੇ ਫਜ਼ੂਲ ਚੀਜ਼ਾਂ ਵਿੱਚ ਇਸਨੂੰ ਵਿਅਰਥ ਗੁਆ ਦਿੰਦੇ ਹਾਂ ਜਿਨਾਂ ਕੰਮਾਂ ਦਾ ਸਾਨੂੰ ਕੋਈ ਵੀ ਲਾਭ ਨਹੀਂ ਹੁੰਦਾ , ਅਤੇ ਕਿਸੇ ਚੰਗੇ ਕੰਮ ਲਈ ਗੱਲ ਕਰੋ ਤਾਂ ,ਸਾਡੇ ਕੋਲ ਤਾਂ ਟਾਈਮ ਹੀ ਨਹੀਂ ਜੀ, ਪਰ ਸਫ਼ਲ ਲੋਕ ਇੱਕ ਇੱਕ ਪਲ ਦੀ ਕੀਮਤ ਜਾਣਦੇ ਹੋਏ ਉਸ ਇੱਕ ਇੱਕ ਪਲ ਨੂੰ ਵਰਤੋਂ ਵਿੱਚ ਲਿਆਉਂਦੇ ਹਨ ਤਾਂ ਹੀ ਤੇ ਓਹ ਸਫਲ ਹੁੰਦੇ ਹਨ। ਸਮੇਂ ਦੀ ਯੋਜਨਾ ਬਣਾਉਣਾ ਬਹੁਤ ਜਰੂਰੀ ਹੈ ਸਿਰਫ ਵਿਦਿਆਰਥੀ ਵਰਗ ਲਈ ਨਹੀਂ ਸਾਡੇ ਸਾਰਿਆਂ ਲਈ ਹੀ ਜਰੂਰੀ ਹੈ। ਸਮੇਂ ਦਾ ਠੀਕ ਪਾਲਣ ਜ਼ਿੰਦਗੀ ਸੰਵਾਰ ਦਿੰਦਾ ਹੈ । ਜਿੰਨੀ ਜ਼ਿੰਦਗੀ ਅਨੁਸ਼ਾਸਨ ਵਿੱਚ ਬੱਝੀ ਹੋਵੇਗੀ ਓਨੀ ਹੀ ਖੁਸ਼ਹਾਲ ਹੋਵੇਗੀ । ਅਨੁਸ਼ਾਸਨ ਸ਼ੁਰੂ ਵਿੱਚ ਬਹੁਤ ਔਖਾ ਲੱਗਦਾ ਹੈ ਪਰ ਤਰੱਕੀ ਦੇ ਰਸਤੇ ਖੋਲਣ ਵਿੱਚ ਅਨੁਸ਼ਾਸਨ ਸਹਾਈ ਹੁੰਦਾ ਹੈ। ✍️ਹਰਵਿੰਦਰ ਕੌਰ ਕਾਹਲੋਂ

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਸੰਗਰਾਮ...**
ਜ਼ਿੰਦਗੀ ਇੱਕ ਸੰਗਰਾਮ ਹੈ।ਸੰਗਰਾਮ ਛੇੜਨ ਵਾਲਾ ਕਦੀ ਨੀਰਸ ਨਹੀਂ ਹੁੰਦਾ। ਤੰਗੀਆਂ ਤੁਰਸ਼ੀਆਂ ਸੰਗਰਾਮੀਆਂ ਦੇ ਹਿੱਸੇ ਆਉਂਦੀਆਂ ਹੀ ਹੁੰਦੀਆਂ ਨੇ।।ਯੋਜਨਾਬਧ ਸੰਗਰਾਮ ਚਿੰਤਕ ਲੋਕਾਂ ਦੇ ਹਿੱਸੇ ਆਉਂਦੈ। ਕਾਫਲਿਆਂ ਦੇ ਰੂਪ 'ਚ ਸੰਗਰਾਮ ਲਗਾਤਾਰ ਚਲਦੇ ਰਹਿਣ ਤਾਂ ਅਕਸਰ ਵੱਡੀਆਂ ਪ੍ਰਾਪਤੀਆਂ ਕਰ ਹੀ ਜਾਂਦੇ ਨੇ।। ਸੰਗਰਾਮ ਛੇੜਨ ਦਾ ਮਕਸਦ, ਕਾਰਜ ਦੀ ਰੂਪ ਰੇਖਾ ਅਤੇ ਰਸਤੇ ਦੇ ਐਕਸ਼ਨ ਯੋਜਨਾ ਮੁਤਾਬਕ ਚਲਾਉਣਾ ਲੀਡਰਸ਼ਿੱਪ ਦੀ ਸਿਆਣਪ 'ਤੇ ਮੁਤੱਸਰ ਹੁੰਦੈ। ਸੰਗਰਾਮੀ ਕਦੀ ਫਾਲਤੂ ਦੀ ਜ਼ਿਦ 'ਤੇ ਨਹੀਂ ਅੜਦਾ ਪਰ ਸੰਗਰਾਮੀ ਸਿਧਾਂਤ ਵੀ ਕਦੀ ਨਹੀਂ ਛੱਡਦਾ।।

**ਸ਼ਰਮ...**
ਦੂਰ ਅੰਦੇਸ਼ੀ ਸੋਚ ਵਾਲਾ ਹਰ ਪੁੱਠੇ ਕੰਮ ਦੀ ਸ਼ਰਮ ਮੰਨਦੈ। ਸ਼ਰਮ ਦੇ ਚੱਕਰ 'ਚ ਆਪਣੀ ਗੱਲ ਨਾ ਕਹਿਣਾ ਵੀ ਬਚਪਨਾ ਹੀ ਹੁੰਦੈ।। ਸਾਥੀਆਂ ਨੂੰ ਸ਼ਰਮਸਾਰ ਕਰਨ ਦੇ ਮੌਕੇ ਲੱਭਣਾ ਕਮੀਨਗੀ ਦੀ ਸਿੱਖਰ ਹੁੰਦੀ ਹੈ। ਬਹੁਤਾ ਸਮਾਂ ਇਸ ਰਾਹ 'ਤੇ ਚੱਲਣ ਵਾਲਾ ਅਕਸਰ ਇਕੱਲਾ ਪੈ ਜਾਂਦੈ।। ਝੂਠਾਂ ਦੇ ਆਲੰਬੜਦਾਰ ਨੂੰ ਅਕਸਰ 'ਕੱਠ 'ਚ ਬੋਲਣ ਵੇਲੇ ਸ਼ਰਮਸਾਰ ਹੋਣਾ ਹੀ ਪੈਂਦੈ। ਬੰਦਾ ਕਚਿਆਈ ਮੰਨਦਿਆਂ ਨੀਵੀਂ ਪਾ ਤੁਰਨ ਲਈ ਮਜ਼ਬੂਰ ਹੋ ਜਾਂਦੈ।।

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜ਼ਿਲਾ ਆਰਗੇਨਾਈਜ਼ਿੰਗ ਕਮਿਸ਼ਨਰ ਮਾਨਸਾ।

## ਸਾਹਿਤ ਇਸਨੂੰ ਲੋਕ ਬੋਲੀਆਂ ਵੀ ਆਖਿਆ ਜਾ ਸਕਦਾ ਹੈ, ਸਿਆਸੀ ਬੋਲੀਆਂ ਵੀ ਅਤੇ ਮੁਹਾਵਰਿਆਂ ਦਾ ਕਾਵਿਕ ਰੂਪ ਵੀ।


# ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ' ਸੰਤ ਸੰਧੂ ਦੀ ਵਿਲੱਖਣ ਵਿਧਾ ਵਿੱਚ ਲਿਖੀ ਹੋਈ ਕਿਤਾਬ ਹੈ।

'ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ' ਸੰਤ ਸੰਧੂ ਦੀ ਵਿਲੱਖਣ ਵਿਧਾ ਵਿੱਚ ਲਿਖੀ ਹੋਈ ਕਿਤਾਬ ਹੈ।
ਇਸਨੂੰ ਲੋਕ ਬੋਲੀਆਂ ਵੀ ਆਖਿਆ ਜਾ ਸਕਦਾ ਹੈ, ਸਿਆਸੀ ਬੋਲੀਆਂ ਵੀ ਅਤੇ ਮੁਹਾਵਰਿਆਂ ਦਾ ਕਾਵਿਕ ਰੂਪ ਵੀ।
ਜਿਸ ਤਰ੍ਹਾਂ ਵਾਰਿਸ ਸ਼ਾਹ ਨੇ ਆਪਣੀ ਲਿਖਤ ਹੀਰ ਵਿੱਚ ਉਸ ਸਮੇਂ ਦੇ ਅਖਾਣਾ ਨੂੰ ਲੈਬਧਿੱਤਤਾ ਵਿੱਚ ਵਰਤਿਆ ਹੈ ਸੰਤ ਸੰਧੂ ਨੇ ਵੀ ਅਲੰਕਾਰਾਂ ਨਾਲ ਜਿਹੜੇ ਤੀਰ ਛੱਡੇ ਹਨ ਉਹ ਇੰਨ ਬਿੰਨ ਨਿਸ਼ਾਨੇ 'ਤੇ ਜਾ ਕੇ ਵੱਜਦੇ ਹਨ ।
ਜਿਵੇਂ ਹਾਕੀ ਦਾ ਪ੍ਰਸਿੱਧ ਖਿਡਾਰੀ ਧਿਆਨ ਚੰਦ ਇਹ ਗੱਲ ਆਖਦਾ ਹੁੰਦਾ ਸੀ ਕਿ ' ਜੇ ਧਿਆਨ ਚੰਦ ਨੇ ਹਿਟ ਮਾਰੀ ਹੋਵੇ ਤਾਂ ਫੇਰ ਇਹ ਕਿਵੇਂ ਹੋ ਸਕਦਾ ਹੈ ਕਿ ਗੋਲ ਨਾ ਹੋਵੇ। ਇਸੇ ਤਰ੍ਹਾਂ ਸੰਤ ਸੰਧੂ ਦੀ ਕਿਤਾਬ ਪੜ੍ਹਨ ਤੋਂ ਬਾਅਦ ਇਹ ਆਖਿਆ ਜਾ ਸਕਦਾ ਹੈ ਉਸਨੇ ਜਿਹੜਾ ਵੀ ਤੀਰ ਛੱਡਿਆ ਹੈ ਠੀਕ ਨਿਸ਼ਾਨੇ 'ਤੇ ਲੱਗਾ।
ਇਸ ਕਿਤਾਬ ਦੇ ਹੋਂਦ ਵਿੱਚ ਆਉਣ ਦੀ ਗੱਲ ਕਰੀਏ ਤਾਂ ਸੰਤ ਸੰਧੂ ਨੇ ਇਸਦਾ ਆਗਾਜ਼ ਨਾਗਮਣੀ ਦੇ ਇੱਕ ਕਾਲਮ ਜਿਸਦਾ ਸਿਰਲੇਖ ਅੰਮ੍ਰਿਤਾ ਪ੍ਰੀਤਮ ਨੇ ' ਸਿਆਸੀ ਬੋਲੀਆਂ ' ਰੱਖਿਆ ਸੀ ਨਾਲ ਕਰ ਕਰੀਬ ਚਰਵੰਜਾ ਸਾਲ ਪਹਿਲਾਂ ਕੀਤਾ । ਫੇਰ ਸੰਤ ਸੰਧੂ ਦਾ ਇਹ ਕਾਲਮ ਪੰਜਾਬੀ ਦੇ ਨਾਮਵਰ ਰਸਾਲਿਆਂ ਅਤੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਹੁੰਦਾ ਰਿਹਾ ਅਤੇ ਹੁਣ ਤੱਕ ਹੋ ਰਿਹਾ ਹੈ ।
ਸੰਤ ਸੰਧੂ ਨੇ ਕੋਈ ਐਸਾ ਖੇਤਰ ਨਹੀਂ ਛੱਡਿਆ ਜੀਹਦੇ ਬਾਰੇ ਗੱਲ ਨਾ ਕੀਤੀ ਹੋਵੇ । ਸਧਾਰਨ ਬੰਦੇ ਤੋਂ ਲੈ ਕੇ ਅਮਰੀਕਾ ਦੇ ਰਾਸ਼ਟਰਪਤੀ ਤੱਕ, ਸਾਰੀਆਂ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੇ ਪ੍ਰਮੁੱਖ ਆਗੂਆਂ, ਸਾਹਿਤ ਅਤੇ ਕਹਿੰਦੇ ਕਹਾਉਂਦੇ ਸਾਹਿਤਕਾਰਾਂ ਬਾਰੇ ਉਸਨੇ ਇਸ ਵਿਧਾ ਰਾਹੀਂ ਉਨ੍ਹਾਂ ਦੇ ਸੰਪੂਰਨ ਸਰੂਪ ਦਾ ਖ਼ਾਕਾ ਖਿੱਚ ਕੇ ਰੱਖ ਦਿੱਤਾ ਹੈ।
ਆਓ! ਤੁਹਾਨੂੰ ਸੰਤ ਸੰਧੂ ਦੀ ਇਸ ਵਿਲੱਖਣ ਵਿਧਾ ਦੇ ਰੂਬਰੂ ਕਰੀਏ।
ਪਾਕਿ-ਐਟਮ ਬੰਬ-: ਵੈਰੀਆਂ ਦਾ ਖ਼ੂਹ ਵਗਦਾ, ਮੈਨੂੰ ਤੇਰੀ ਵੇ ਜਾਨ ਦਾ ਧੋਖਾ।
ਭਾਰਤੀ ਹਾਕੀ -: ਪੀਲਾ ਰੰਗ ਕਿਓਂ ਪੈ ਗਿਆ ਤੇਰਾ , ਭਾਬੋ ਮੈਨੂੰ ਰੋਜ਼ ਪੁੱਛਦੀ।
ਰਾਜੀਵ ਤੇ ਗੱਦੀ-: ਕੰਢੇ ਕੰਢੇ ਹੀਰ ਭਾਲਦਾ ਰਾਂਝਾ ਪੰਜ ਮੱਝੀਆਂ ਦਾ ਲਾਵੇ।
ਬਾਦਲ ਪਾਰਟੀ - ਚੁੱਕ ਚਾਦਰਾ ਚਰੀ ਵਿੱਚ ਚੱਲੀਏ, ਮੱਕੀ ਵਿੱਚ ਪੱਛ ਲੜਦੇ।
ਮੇਨਕਾ ਗਾਂਧੀ -: ਨੱਚਣ ਦੇਵੇ ਨਾ ਚੰਨਣ ਦੀ ਮਾਤਾ, ਨੱਚਣਾ ਬਥੇਰਾ ਜਾਣਦੀ।
ਸੀ ਪੀ ਆਈ-: ਸੁੱਤੀ ਪਈ ਨੇ ਲੁਹਾਈਆਂ ਚੂੜੀਆਂ ਅਜੇ ਵੀ ਘੁਰਾੜੇ ਮਾਰਦੀ।



ਅੰਮ੍ਰਿਤ ਪ੍ਰੀਤਮ-: ਤੇਰੀ ਫੋਟੋ 'ਤੇ ਸ਼ਰਤਾਂ ਲਾਉਣ ਕੁਵਾਰੇ।
ਇੰਦਰਾ ਗਾਂਧੀ -: ਸੌਂ ਗਈ ਸੁੱਥਣ ਸਣੇ, ਤੈਨੂੰ ਕਿਹੜਿਆਂ ਕੰਮਾਂ ਨੂੰ ਆਂਦਾ।
ਸੰਤ ਸਿੰਘ ਸੇਖੋਂ -: ਆਉਂਦੀ ਜਾਂਦੀ ਨੂੰ ਘੜਾ ਚੁਕਾਉਂਦਾ, ਮਗਰੋਂ ਮਾਰਦਾ ਗੋਡਾ।
ਸੁਰਜੀਤ ਪਾਤਰ - ਚੌਕੀਦਾਰੀ ਲੈ ਲਏ ਮਿੱਤਰਾ, ਤੇਰੇ ਲੱਗਦੇ ਨੇ ਬੋਲ ਪਿਆਰੇ।
ਦਵਿੰਦਰ ਸਤਿਆਰਥੀ -:, ਚਰਖੇ ਦੀ ਘੂਕ ਸੁਣ ਕੇ ਜੋਗੀ ਉੱਤਰ ਪਹਾੜੋਂ ਆਇਆ।
ਅੰਮ੍ਰਿਤਾ ਪ੍ਰੀਤਮ ਤੇ ਗਿਆਨ ਪੀਠ-: ਇਨ੍ਹਾਂ ਨੈਣਾਂ 'ਚ ਝਨਾਵਾਂ ਕਈ ਡੁੱਬੀਆਂ, ਦਿਲਾਂ ਦਾ ਤੈਨੂੰ ਕੀ ਦੱਸੀਏ।
ਇਮਰੋਜ਼ -: ਇੱਕ ਮੰਜੇ ਹੋ ਚੱਲੀਏ, ਚੰਨ ਛੁੱਪਿਆ ਟਹਿਕਦੇ ਤਾਰੇ।
ਕਿਸੇ ਵਿਸ਼ੇ ਜਾ ਵਿਅਕਤੀ ਦੇ ਜੀਵਨ ਨੂੰ ਰੂਪਮਾਨ ਕਰਨ ਲੱਗਿਆਂ ਇੱਕ ਨਾਵਲ ਵੀ ਲਿਖਿਆ ਜਾ ਸਕਦਾ ਹੈ, ਕਹਾਣੀ ਵੀ ਤੇ ਕਵਿਤਾ ਵੀ ਪਰ ਸੰਤ ਸੰਧੂ ਨੇ ਇਸ ਕਿਤਾਬ ਵਿੱਚ ਜਿਸ ਨੂੰ ਵੀ ਰੂਪਮਾਨ ਕੀਤਾ ਹੈ ਸਿਰਫ਼ ਇੱਕ ਜਾਂ ਦੋ ਸਤਰਾਂ ਵਿੱਚ ਉਸਦਾ ਪੂਰਾ ਸ਼ਬਦ ਚਿੱਤਰ ਲਿੱਖ ਕੇ ਰੱਖ ਦਿੱਤਾ ਹੈ।
ਸੰਤ ਸੰਧੂ ਦੀ ਇਹ ਕਿਤਾਬ ਪੜ੍ਹਨ ਵਾਲੀ ਵੀ ਹੈ ਅਤੇ ਸਾਂਭਣਯੋਗ ਵੀ।

## ਦੁਨੀਆਂ ਦੀ ਸਭ ਤੋਂ ਵੱਡੀ ਜਹਾਜ਼ ਬਣਾਉਣ ਵਾਲੀ ਕੰਪਨੀ Boeing ਵਿੱਚ ਕੰਮ ਰਹੀ ਇੱਕ ਭੈਣ ਨੇ ਪਿਛਲੇ ਹਫ਼ਤੇ ਅਮਰੀਕਾ ਛੱਡ "ਵਤਨ ਵਾਪਸੀ" ਕੀਤੀ।



ਦੁਨੀਆਂ ਦੀ ਸਭ ਤੋਂ ਵੱਡੀ ਜਹਾਜ਼ ਬਣਾਉਣ ਵਾਲੀ ਕੰਪਨੀ Boeing ਵਿੱਚ ਕੰਮ ਰਹੀ ਇੱਕ ਭੈਣ ਨੇ ਪਿਛਲੇ ਹਫ਼ਤੇ ਅਮਰੀਕਾ ਛੱਡ "ਵਤਨ ਵਾਪਸੀ" ਕੀਤੀ। ਲਗਾਤਾਰ ਮੈਨੂੰ Facebook ਤੇ ਪੜ੍ਹਦੇ ਸਨ ਅਤੇ ਕੱਲ ਮੈਨੂੰ ਮਿਲਣ ਆਏ। ਉਹਨਾਂ ਦਾ ਕਹਿਣਾ ਸੀ ਇੱਕ ਦਿਨ ਮੇਰੀ ਪੰਜ ਸਾਲਾ ਬੇਟੀ ਜਦ Day Care ਤੋਂ ਘਰ ਆਈ ਤੇ ਆ ਕੇ ਕਿਹਾ " I will change my family" - ਮੈਂ ਆਪਣਾ ਪਰਿਵਾਰ ਬਦਲ ਲਵਾਂਗੀ। ਜਿਵੇਂ ਅਮਰੀਕਾ ਦੇ ਬੱਚੇ ਆਪਣੇ ਸੱਭਿਆਚਾਰ ਵਿੱਚ ਅਕਸਰ ਕਹਿ ਦਿੰਦੇ। ਪਿਛਲੇ ਹਫ਼ਤੇ ਅਮਰੀਕਾ ਛੱਡ ਵਤਨ ਵਾਪਸ ਪਰਤੇ, ਕਿ ਇਹ ਸਾਡਾ ਸੱਭਿਆਚਾਰ ਨਹੀਂ। ਮੇਰੀ ਕੰਪਨੀ ਵਿੱਚ ਤਿੰਨ ਸਾਲ ਕਨੇਡਾ ਰਹਿ ਕੇ ਆਏ ਲੜਕੇ ਨੂੰ ਇਸ ਸਮੇਂ ਮੈਂ ਆਪਣੇ ਕਾਰੋਬਾਰ ਦੀ ਟ੍ਰੇਨਿੰਗ ਦੇ ਰਹੀ ਹਾਂ। ਉਸ ਨੇ ਦੱਸਿਆ ਕਿ ਇੱਥੇ ਕਿਵੇਂ ਉਸ ਦਾ ਬਹੁਤ ਸੋਹਣਾ ਘਰ ਹੈ, ਪਰਿਵਾਰ ਹੈ, ਇੱਥੋਂ ਤੱਕ ਕਿ ਕੁੱਤੇ ਘੋੜੇ ਹਨ ਤੇ ਕਨੇਡਾ ਵਿੱਚ ਬੰਦੇ ਨੂੰ ਕੱਲੇ ਨੂੰ ਕਮਰਾ ਨਹੀਂ ਨਸੀਬ ਤੇ ਜੇ ਨਾਲ ਵਾਲਾ ਸਿਗਰਟ ਸ਼ਰਾਬ ਵਾਲਾ ਹੋਵੇ ਤੇ ਕਿਵੇਂ ਕੱਪੜਿਆਂ ਤੱਕ ਵਿੱਚੋਂ ਮੁਸ਼ਕ ਆਉਂਦਾ ਹੈ ਤੇ ਸਾਹ ਲੈਣ ਲਈ ਆਪਣੇ ਘਰ ਦੇ ਬਾਹਰ ਜਾਣਾ ਪੈਂਦਾ ਹੈ। ਬਜ਼ੁਰਗ ਪਛਤਾਉਂਦੇ ਹਨ ਕਨੇਡਾ ਨੂੰ, ਅਜ਼ਾਦ ਰਹਿਣ ਨਾਲੋਂ ਆਪਣੀ ਮਰਜ਼ੀ ਕਰਨ ਨਾਲੋਂ ਅੱਜ ਬੱਚਿਆਂ ਦੇ ਗੁਲਾਮ ਹੋ ਗਏ ਹਨ, ਵਿੱਚ ਵਿਚਾਲੇ ਫੱਸ ਗਏ ਹਨ। "ਵੱਡੇ ਕਿਰਾਏ ਦੇ ਘਰਾਂ ਨਾਲੋਂ, ਆਪਣੀ ਕੁੱਲੀ ਦੇ ਰਾਜੇ ਚੰਗੇ ਸੀ"। ਬਠਿੰਡਾ ਵਿੱਚ ਉਹ ਸਾਡੇ ਵਰਗੀ ਕੰਪਨੀ ਖੋਲ੍ਹਣ ਦੀ ਤਿਆਰੀ ਵਿੱਚ ਹੈ। ਉਸ ਦੇ ਮਾਂ ਬਾਪ ਉਸ ਦਾ ਸਾਥ ਦੇਣ ਲਈ ਤਿਆਰ ਹਨ। ਛੋਟੀ ਸ਼ੁਰੂਆਤ ਕਰਾਂਗੇ। ਅਸਟ੍ਰੇਲੀਆ ਤੋਂ ਵਾਪਸ ਆਇਆ ਇੱਕ ਲੜਕਾ, ਜੋ ਮੇਰੀ ਕੰਪਨੀ ਵਿੱਚ ਹੁਣ ਕੰਮ ਕਰਦਾ ਹੈ ਦੱਸਦਾ ਹੈ ਕਿ ਇੱਕ ਵਾਰ ਜਦ ਮਕਾਨ ਮਾਲਕ ਨੇ ਕਿਰਾਇਆ ਲੈਣ ਲਈ ਮੇਰੀ ਪਤਨੀ ਨੂੰ ਦੋ ਚਾਰ ਸੁਣਾ ਦਿੱਤੀਆਂ, ਉਸ ਦਿਨ ਲੱਗਾ ਮੈਂ ਕੀ ਕਰ ਰਿਹਾ ਹਾਂ ਇੱਥੇ? ਮੇਰਾ ਆਪਣਾ ਘਰ ਹੈ ਪੰਜਾਬ। ਉਸ ਦੀ ਪਤਨੀ ਵੀ ਪੰਜਾਬ ਵਿੱਚ ਹੁਣ ਸਫ਼ਲ ਬੁਟੀਕ ਚਲਾ ਰਹੀ ਹੈ। "ਵਤਨ ਵਾਪਸੀ" ਦੀ ਮੁਹਿੰਮ ਜ਼ੋਰਾਂ ਤੇ ਹੈ। ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲਓ।
- ਮਨਦੀਪ ਕੌਰ ਟਾਂਗਰਾ

## ਉਨ੍ਹੂੰ ਵੀ ਮੇਰੇ ਮੁਤਾਬਿਕ ਢਾਲ ਦੇ,ਤਿਲਸ਼-ਮਈ ਇਲਮ ਦਾ ਜਾਗ ਲਗਾ,ਬੁਰਾਈਆਂ ਅੰਦਰੋ-ਅੰਦਰ ਗਾਲ ਦੇ !



ਉਨ੍ਹੂੰ ਵੀ ਮੇਰੇ ਮੁਤਾਬਿਕ ਢਾਲ ਦੇ,
ਤਿਲਸ਼-ਮਈ ਇਲਮ ਦਾ ਜਾਗ
ਲਗਾ,ਬੁਰਾਈਆਂ ਅੰਦਰੋ-ਅੰਦਰ
ਗਾਲ ਦੇ !
ਜਿਵੇਂ ਹਰ ਮਾਂ ਪਾਲਦੀ ਰੀਝਾਂ ਲਾ
ਆਪਣੇ,ਧੀਆਂ-ਪੁੱਤਾਂ ਵਾਂਗ
ਪਾਲ ਦੇ !
ਗਮਾਂ ਦੇ ਮੰਡਰਾਉਣ ਜੋ ਬੱਦਲ
ਉਦ੍ਹੇ ਤੇ,ਆਪਣੀ ਵਿਸ਼ੇਸ਼
ਕ੍ਰਿਪਾ ਨਾ ਸਭ ਟਾਲ ਦੇ !
ਕਈ ਖਾਹਿਸ਼ਾਂ ਥੱਕ ਹਾਰ ਉਸ
ਅਧੂਰੀਆਂ ਦੱਬੀਆਂ,ਫਿਰ ਤੋਂ
ਉਨਹਾਂ ਤਈਂ ਇੱਕ ਉਛਾਲ ਦੇ !
ਰਣਜੀਤ ਇਹ ਲੋਹਾ ਜਦ ਤੀਕ
ਨਈਂ ਕੁੰਦਨ ਹੁੰਦਾ,
ਅੱਗ ਚ ਪਾ ਮੁੜ-ਮੁੜ ਉਬਾਲ ਦੇ !
ਪਰ ਉਨ੍ਹੂੰ ਮੇਰੇ ਮੁਤਾਬਿਕ ਢਾਲ ਦੇ,
ਤਿਲਸ਼ ਮਈ ਇਲਮ ਦਾ ਜਾਗ
ਲਗਾ ਤੇ..........?
ਹਰ ਕੋਈ ਚਹੁੰਦਾ ਸਾਹਮਣੇ ਵਾਲਾ ਉਸਦੇ ਮੁਤਾਬਿਕ ਚੱਲੇ, ਪਰ ਚੱਲਣਾ ਅਕਸਰ ਥੋਨੂੰ ਦੂਜਿਆਂ ਮੁਤਾਬਿਕ ਪੈਂਦਾ,ਵਰਨਾ ਜਿੰਦਗੀ ਖਿਚੋ-ਤਾਣ ਜਹੀ ਬਣ ਕੇ ਰਹਿ ਜਾਂਦੀ ਹੈ,ਜਿਸ ਵਿੱਚੋਂ ਖੁਸ਼ੀਆਂ ਖੰਭ ਲਾ ਕੇ ਉੱਡ ਜਾਂਦੀਆਂ ਹਨ,ਜਦਕਿ ਇੱਕ ਦਾ ਮਨ ਮਾਰਿਆ ਉਸਦੇ ਆਲੇ ਦੁਆਲੇ ਕਈਆਂ ਨੂੰ ਸਕੂਨ ਚ ਰੱਖ ਰੱਖ ਸਕਦੈ,ਹਾਲਾਕਿ ਆਪ ਬੇਸ਼ਕ ਥੋਨੂੰ ਸੂਲੀ ਤੇ ਚੜ੍ਹੇ ਹੋਣ ਦਾ ਅਨੁਭਵ ਕਰਦੇ ਹੋਏ ਜੀਣਾ ਪਵੇ !
ਸਿਰਫ ਇਹ ਸੋਚਦੇ ਹੋਏ ਕਿ ਕਦੇ ਤਾ ਇਹ ਰੁੱਤਾਂ ਕਰਵਟ ਬਦਲਣ ਗੀਆਂ,
ਤੇ ਬਦਲ ਵੀ ਲੈਂਦੀਆਂ ਹਨ ਜਿਨਾਂ ਨੂੰ ਬਦਲਣ ਦੀ ਜਾਚ ਸਾਡੇ ਕੋਲ ਹੋਣੀ ਬੇਹੱਦ ਲਾਜਮੀ ਹੁੰਦੀ ਹੈ !

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

# ਲੰਗਰ ਸ੍ਰੀ ਗੁਰੂ ਰਾਦਮਾਸ ਜੀ ਤੋਂ ਬਾਬਾ ਅਟੱਲ ਰਾਇ ਸਾਹਿਬ ਨੂੰ ਜਾਂਦੇ ਰਸਤੇ ਦੇ ਨਵੀਕੀਰਨ ਅਤੇ ਸੁੰਦਰੀਕਰਨ ਦੀ ਸੇਵਾ ਆਰੰਭ



## ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਗਿਆਨੀ ਰਾਜਦੀਪ ਸਿੰਘ ਤੇ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਰਹੀਆਂ ਮੌਜੂਦ

ਅੰਮ੍ਰਿਤਸਰ, 10 ਮਈ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਸਥਿਤ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਤੋਂ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ ਤੀਕ ਆਉਂਦੇ ਰਸਤੇ ਦੇ ਸੁੰਦਰੀਕਰਨ ਅਤੇ ਨਵੀਨੀਕਰਨ ਦੀ ਸੇਵਾ ਅੱਜ ਅਰਦਾਸ ਉਪਰੰਤ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਆਰੰਭ ਕੀਤੀ ਗਈ। ਸ਼੍ਰੋਮਣੀ ਕਮੇਟੀ ਇਸ ਕਾਰਜ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲਿਆਂ ਨੂੰ ਸੌਂਪੀ ਗਈ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਦੀ ਆਸਥਾ ਦਾ ਕੇਂਦਰ ਹੈ ਅਤੇ ਹਰ ਸਿੱਖ ਇਸ ਪਾਵਨ ਅਸਥਾਨ ’ਤੇ ਨਤਮਸਤਕ ਹੋਣ ਦੀ ਤਾਂਘ ਰੱਖਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨਾਂ ਲਈ ਪੁੱਜਦੀਆਂ ਸੰਗਤਾਂ ਦੀ ਸਹੂਲਤ ਲਈ ਨਿਰੰਤਰ ਯਤਨਸ਼ੀਲ ਹੈ। ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਅੰਤ੍ਰਿੰਗ ਕਮੇਟੀ ਨੇ ਇਸ ਰਸਤੇ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਨੂੰ ਪ੍ਰਵਾਨਗੀ ਦਿੱਤੀ ਸੀ, ਜਿਸ ਦੀ ਅੱਜ ਰਸਮੀ ਤੌਰ ’ਤੇ ਸ਼ੁਰੂਆਤ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਰਸਤੇ ਨੂੰ ਖੂਬਸੂਰਤ ਤਰੀਕੇ ਨਾਲ ਤਿਆਰ ਕਰਨ ਲਈ ਮਾਸਟਰ ਪਲਾਨ ਤਿਆਰ ਕੀਤਾ ਗਿਆ ਹੈ। ਰਸਤੇ ਵਿਚ ਪੈਦਲ ਚੱਲਣ ਲਈ ਵਿਸ਼ੇਸ਼ ਜਗ੍ਹਾ ਤਿਆਰ ਕਰਨ ਦੇ ਨਾਲ-ਨਾਲ ਕੁਦਰਤੀ ਵਾਤਾਵਰਣ ਲਈ ਦਰੱਖ਼ਤ ਵੀ ਲਗਾਏ ਜਾਣਗੇ। ਉਨ੍ਹਾਂ ਸੰਗਤਾਂ ਦੀ ਵੱਡੀ ਆਮਦ ਦੇ ਮੱਦੇਨਜ਼ਰ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਨੂੰ ਇਹ ਕਾਰਜ ਜਲਦ ਤੋਂ ਜਲਦ ਮੁਕੰਮਲ ਕਰਨ ਲਈ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤਾਂ ਨੂੰ ਵੀ ਸੇਵਾ ਕਾਰਜਾਂ ਵਿਚ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਪ੍ਰੇਰਣਾ ਕੀਤੀ।

ਇਸੇ ਦੌਰਾਨ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵੱਲੋਂ ਕੀਤੇ ਫੈਸਲੇ ਅਨੁਸਾਰ ਸੰਗਤਾਂ ਦੀ ਸਹੂਲਤ ਲਈ ਇਹ ਰਸਤਾ ਜਲਦ ਤਿਆਰ ਕੀਤਾ ਜਾਵੇਗਾ। ਉਨ੍ਹਾਂ ਇਸ ਕਾਰਜ ਦੀ ਸੇਵਾ ਸੌਂਪਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਪ੍ਰਬੰਧ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ।

ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਜੈਬ ਸਿੰਘ ਅਭਿਆਸੀ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੇਜਰ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਅਜ਼ਾਦਦੀਪ ਸਿੰਘ, ਸ. ਗੁਰਮੀਤ ਸਿੰਘ ਮੁਕਤਸਰੀ, ਸ. ਜਸਪਾਲ ਸਿੰਘ ਢੱਡੇ, ਮੈਨੇਜਰ ਸ. ਰਾਜਿੰਦਰ ਸਿੰਘ ਰੂਬੀ, ਐਕਸੀਅਨ ਸ. ਜਤਿੰਦਰਪਾਲ ਸਿੰਘ, ਸ. ਸੁਖਜਿੰਦਰ ਸਿੰਘ, ਆਰਕੀਟੈਕਟ ਸ. ਬਲਜੀਤ ਸਿੰਘ ਜਲੰਧਰ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਵਧੀਕ ਮੈਨੇਜਰ ਸ. ਗੁਰਿੰਦਰ ਸਿੰਘ ਦੇਵੀਦਾਸਪੁਰਾ, ਬਾਬਾ ਸੋਹਣ ਸਿੰਘ, ਬਾਬਾ ਜੋਧਵੀਰ ਸਿੰਘ, ਬਾਬਾ ਕਰਨ ਸਿੰਘ, ਬਾਬਾ ਨਾਜਰ ਸਿੰਘ, ਬਾਬਾ ਅਵਤਾਰ ਸਿੰਘ, ਬਾਬਾ ਯਾਦਵਿੰਦਰ ਸਿੰਘ, ਬਾਬਾ ਮਨਜੀਤ ਸਿੰਘ, ਬਾਬਾ ਸੁਖਵਿੰਦਰ ਸਿੰਘ ਸੁੱਖ ਸੁਲਤਾਨਵਿੰਡ, ਸ. ਸ਼ਮਸ਼ੇਰ ਸਿੰਘ ਜੇਈ, ਸ. ਹਰਪ੍ਰੀਤ ਸਿੰਘ, ਸ. ਪਰਜੀਤ ਸਿੰਘ ਤੇ ਹੋਰ ਮੌਜੂਦ ਸਨ।

# 20 ਮਈ ਨੂੰ ਦੇਸ਼ ਭਰ ਦੇ ਮੈਡੀਕਲ ਸਟੋਰ ਰਹਿਣਗੇ ਬੰਦ, ਆਨਲਾਈਨ ਦਵਾਈਆਂ ਖ਼ਿਲਾਫ਼ ਕੈਮਿਸਟਾਂ ਦਾ ਵੱਡਾ ਐਲਾਨ




## ਨਕਲੀ ਅਤੇ ਨਸ਼ੀਲੀਆਂ ਦਵਾਈਆਂ ਦੀ ਆਨਲਾਈਨ ਵਿਕਰੀ ’ਤੇ ਰੋਕ ਲਗਾਉਣ ਦੀ ਕੀਤੀ ਮੰਗ, ਸਰਕਾਰ ਨੂੰ ਚੇਤਾਵਨੀ

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 11 ਮਈ

ਕੈਮਿਸਟ ਐਸੋਸੀਏਸ਼ਨ ਜ਼ਿਲ੍ਹਾ ਤਰਨ ਤਾਰਨ ਵੱਲੋਂ ਜ਼ਿਲ੍ਹੇ ਦੇ ਸਮੂਹ ਕੈਮਿਸਟ ਭਾਈਚਾਰੇ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ, ਜਿਸ ਦੌਰਾਨ 20 ਮਈ ਨੂੰ ਦੇਸ਼ ਭਰ ਵਿੱਚ ਮੈਡੀਕਲ ਸਟੋਰ ਬੰਦ ਰੱਖਣ ਦੇ ਐਲਾਨ ਨੂੰ ਲੈ ਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਬਿਮਲ ਅਗਰਵਾਲ ਵੱਲੋਂ ਕੀਤੀ ਗਈ।

ਇਸ ਮੌਕੇ ਜਾਣਕਾਰੀ ਦਿੰਦਿਆਂ ਬਿਮਲ ਅਗਰਵਾਲ ਨੇ ਦੱਸਿਆ ਕਿ ਪੰਜਾਬ ਕੈਮਿਸਟ ਐਸੋਸੀਏਸ਼ਨ ਅਤੇ ਆਲ ਇੰਡੀਆ ਆਰਗਨਾਈਜੇਸ਼ਨ ਆਫ਼ ਕੈਮਿਸਟ ਐਂਡ ਡਰੱਗਿਸਟ ਐਸੋਸੀਏਸ਼ਨ ਦੇ ਸੱਦੇ ’ਤੇ ਦੇਸ਼ ਭਰ ਦੇ ਕੈਮਿਸਟ 20 ਮਈ ਨੂੰ ਸ਼ਾਂਤੀਪੂਰਨ ਢੰਗ ਨਾਲ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਰੋਸ ਪ੍ਰਗਟ ਕਰਨਗੇ। ਉਨ੍ਹਾਂ ਦੱਸਿਆ ਕਿ ਇਹ ਫੈਸਲਾ ਆਨਲਾਈਨ ਦਵਾਈਆਂ ਦੀ ਵੱਧ ਰਹੀ ਵਿਕਰੀ ਅਤੇ ਨਸ਼ੀਲੀਆਂ ਤੇ ਨਕਲੀ ਦਵਾਈਆਂ ਦੇ ਗੈਰਕਾਨੂੰਨੀ ਕਾਰੋਬਾਰ ਖ਼ਿਲਾਫ਼ ਲਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਨਿਯਮਾਂ ਅਨੁਸਾਰ ਦਵਾਈ ਸਿਰਫ਼ ਪ੍ਰਮਾਣਿਤ ਮੈਡੀਕਲ ਪ੍ਰੈਕਟਿਸ਼ਨਰ ਦੀ ਸਲਾਹ ਜਾਂ ਮੌਜੂਦਗੀ ਵਿੱਚ ਹੀ ਦਿੱਤੀ ਜਾ ਸਕਦੀ ਹੈ, ਪਰ ਆਨਲਾਈਨ ਕੰਪਨੀਆਂ ਵੱਲੋਂ ਕੋਰੀਅਰ ਰਾਹੀਂ ਘਰ-ਘਰ ਦਵਾਈਆਂ ਪਹੁੰਚਾਈਆਂ ਜਾ ਰਹੀਆਂ ਹਨ, ਜੋ ਲੋਕਾਂ ਦੀ ਸਿਹਤ ਲਈ ਗੰਭੀਰ ਖ਼ਤਰਾ ਬਣ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਆਨਲਾਈਨ ਦਵਾਈਆਂ ਦੀ ਆੜ ਵਿੱਚ ਨਸ਼ੀਲੇ ਪਦਾਰਥਾਂ ਅਤੇ ਨਕਲੀ ਦਵਾਈਆਂ ਦਾ ਕਾਰੋਬਾਰ ਵੀ ਫੈਲ ਰਿਹਾ ਹੈ, ਜਿਸ ਨਾਲ ਡਰੱਗ ਮਾਫ਼ੀਆ ਨੂੰ ਹੋਰ ਮੌਕੇ ਮਿਲ ਸਕਦੇ ਹਨ।


ਬਿਮਲ ਅਗਰਵਾਲ ਨੇ ਕਿਹਾ ਕਿ 20 ਮਈ ਨੂੰ ਸਮੂਹ ਕੈਮਿਸਟ ਇਕਜੁੱਟ ਹੋ ਕੇ ਐਸੋਸੀਏਸ਼ਨ ਦੇ ਸੱਦੇ ਦਾ ਸਾਥ ਦੇਣ ਅਤੇ ਆਪਣੀਆਂ ਦੁਕਾਨਾਂ ਬੰਦ ਰੱਖਣ। ਉਨ੍ਹਾਂ ਕਿਹਾ ਕਿ ਜਿਹੜੇ ਕੈਮਿਸਟ ਇਸ ਦਿਨ ਆਪਣੀਆਂ ਦੁਕਾਨਾਂ ਖੋਲ੍ਹਣਗੇ, ਉਹ ਐਸੋਸੀਏਸ਼ਨ ਦੇ ਫੈਸਲੇ ਦੇ ਉਲਟ ਕੰਮ ਕਰਨ ਵਾਲੇ ਮੰਨੇ ਜਾਣਗੇ। ਉਨ੍ਹਾਂ ਸਮੂਹ ਕੈਮਿਸਟ ਭਾਈਚਾਰੇ ਨੂੰ ਅਪੀਲ ਕੀਤੀ ਕਿ ਆਪਣੇ ਹੱਕਾਂ ਦੀ ਰੱਖਿਆ ਲਈ ਇਕਜੁੱਟਤਾ ਦਿਖਾਉਣਾ ਸਮੇਂ ਦੀ ਲੋੜ ਹੈ।

ਅਗਰਵਾਲ ਨੇ ਕਿਹਾ ਕਿ ਆਨਲਾਈਨ ਕਾਰੋਬਾਰ ਕਾਰਨ ਜ਼ਮੀਨੀ ਪੱਧਰ ’ਤੇ ਮਿਹਨਤ ਕਰਨ ਵਾਲੇ ਛੋਟੇ ਕੈਮਿਸਟਾਂ ਨੂੰ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ ਅਤੇ ਦੇਸ਼ ਦੀ ਆਰਥਿਕਤਾ ਦਾ ਪੈਸਾ ਵੀ ਵਿਦੇਸ਼ੀ ਕੰਪਨੀਆਂ ਵੱਲ ਵੱਧ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਆਨਲਾਈਨ ਦਵਾਈਆਂ ਦੀ ਵਿਕਰੀ ’ਤੇ ਸਖ਼ਤ ਨਿਗਰਾਨੀ ਰੱਖੀ ਜਾਵੇ ਅਤੇ ਕੈਮਿਸਟ ਭਾਈਚਾਰੇ ਦੀਆਂ ਮੰਗਾਂ ਨੂੰ ਤੁਰੰਤ ਮੰਨਿਆ ਜਾਵੇ।

ਇਸ ਮੌਕੇ ਮੁਨੀਸ਼ ਅਰੋੜਾ ਜਨਰਲ ਸੈਕਰਟਰੀ, ਨਰਿੰਦਰ ਪੁਰੀ ਚੇਅਰਮੈਨ, ਸੰਜੇ ਗੁਪਤਾ ਸ਼ਹਿਰੀ ਪ੍ਰਧਾਨ, ਜਤਿੰਦਰਜੀਤ ਸਿੰਘ ਸ਼ਹਿਰੀ ਜਨਰਲ ਸਕੱਤਰ, ਜਤਿਨ ਅਗਰਵਾਲ, ਰੋਹਿਤ ਭਾਰਦਵਾਜ, ਮੁਨੀਸ਼ ਮਿੱਤਲ, ਵੀਰੂ ਰਾਮ, ਅਸ਼ਵਨੀ ਕੁਮਾਰ ਐਸ.ਕੇ., ਇੰਦਰਜੀਤ ਸਿੰਘ, ਅਮਨਦੀਪ ਸਿੰਘ, ਸੁਰਿੰਦਰ ਕੁਮਾਰ, ਕ੍ਰਿਪਾਲ ਸਿੰਘ, ਸ਼ਿੰਦਰ ਢਿੱਲੋਂ, ਸਾਹਿਬ ਸਿੰਘ, ਕ੍ਰਿਸ਼ਨ ਲਾਲ ਕੱਕੜ, ਰਜਿੰਦਰ ਕੱਕੜ, ਪ੍ਰੀਤਪਾਲ ਸਿੰਘ, ਸੁਭਾਸ਼ ਚੰਦਰ, ਨਿਤੀਸ਼ ਕੱਕੜ, ਮਨਜੀਤ ਸਿੰਘ, ਪ੍ਰਿੰਸ ਕੁਮਾਰ, ਅਜੇ ਅਤੇ ਰਣਬੀਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕੈਮਿਸਟ ਹਾਜ਼ਰ ਸਨ।

ਤਰਨ ਤਾਰਨ ਵਿਖੇ ਮੀਟਿੰਗ ਦੌਰਾਨ ਜਾਣਕਾਰੀ ਦਿੰਦੇ ਹੋਏ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਬਿਮਲ ਅਗਰਵਾਲ ਅਤੇ ਹੋਰ ਆਗੂ।

# ਮੁਹੱਬਤ ਦਾ ਦਸਤਾਵੇਜ਼ - ਇਮਰੋਜ਼ਨਾਮਾ




ਤੁਰ ਜਾਣ ਵਾਲਿਆਂ ਨਾਲ ਨਿਭਣਾ
ਹਾਰੀ ਸਾਰੀ ਦੇ ਵੱਸ ਦਾ ਰੋਗ ਨਹੀਂ ਹੁੰਦਾ।
ਇਹ ਯੁੱਗ ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਦਾ ਯੁੱਗ ਹੈ
ਇਸ ਦੌਰ ਵਿੱਚ ਮੁਹੱਬਤ ਦਾ ਹੋਕਾ
ਕੋਈ ਵਿਰਲਾ ਵਾਂਝਾ ਹੀ ਦੇ ਸਕਦਾ ਹੈ
ਬਾਬੇ ਫ਼ਰੀਦ ਨੂੰ ਕੀ ਪਤਾ ਸੀ ਕਿ
ਇੱਕ ਵੇਲਾ ਐਸਾ ਵੀ ਆਏਗਾ
ਜਦੋਂ ਨਿਹੁੰ ਕਾਰੋਬਾਰੀ ਸਬੰਧਾਂ ਦਾ ਦੂਜਾ ਨਾਮ ਹੋ ਜਾਵੇਗਾ

14 ਮਈ 2023 ਨੂੰ ਪੰਜਾਬੀ ਦੇ ਵੱਡੇ ਪਰ ਅਣਗੌਲੇ ਕਵੀ ਰਾਜਬੀਰ ਬਾਰੇ ਲਿਖਦਿਆਂ ਇੱਕ ਫੇਸਬੁੱਕ ਪੋਸਟ ਵਿੱਚ ਮੈਂ ਲਿਖਿਆ ਸੀ

"ਜਿਉਂਦੇ ਜੀਅ ਸਾਹਿਤਕ ਰਿਆਸਤ ਦੀ ਬਾਦਸ਼ਾਹੀ ਭੋਗਣ ਵਾਲੇ ਕਿਵੇਂ ਸਰੀਰ ਛੱਡਦਿਆਂ ਹੀ ਸਾਹਿਤਕ ਦ੍ਰਿਸ਼ ਤੋਂ ਅੱਖੋਂ ਉਹਲੇ ਕਰ ਦਿੱਤੇ ਗਏ। ਇਸ ਦੀਆਂ ਮਿਸਾਲਾਂ ਦੇਣ ਲਈ ਦਿਮਾਗ਼ ਤੇ ਬਹੁਤਾ ਜ਼ੋਰ ਪਾਉਣ ਦੀ ਜ਼ਰੂਰਤ ਵੀ ਨਹੀਂ ਪਵੇਗੀ। ਅਮ੍ਰਿਤਾ ਪ੍ਰੀਤਮ , ਡਾ.ਹਰਿਭਜਨ ਸਿੰਘ , ਡਾ. ਸਤਿੰਦਰ ਸਿੰਘ ਨੂਰ ਵਰਗੇ ਵੱਡੇ ਨਾਮ ਵੀ ਪੰਜਾਬੀਆਂ ਦੇ ਇਸੇ ਵਰਤਾਰੇ ਦਾ ਸ਼ਿਕਾਰ ਹੋਏ ਹਨ। ਹਰ ਚੌਥੇ ਦਿਨ K-25 ਹੌਜ਼ ਖਾਸ ਦੀ ਦੀਆਂ ਪੌੜੀਆਂ ਮਿੱਧਣ ਵਾਲੇ ਅਤੇ ਫਿਰ ਅਮ੍ਰਿਤਾ ਜੀ ਨਾਲ ਮਿਲਣੀ ਨੂੰ ਯਾਰਾਂ ਦੀਆਂ ਢਾਣੀਆਂ ਵਿੱਚ ਹਫ਼ਤਿਆਂ ਬੱਧੀ ਪਰੀ ਕਹਾਣੀਆਂ ਵਾਂਗ ਸੁਣਾਉਣ ਵਾਲਿਆਂ ਦੇ ਮੂੰਹੋਂ ਹੁਣ ਕਦੇ ਅਮ੍ਰਿਤਾ ਜੀ ਦਾ ਜ਼ਿਕਰ ਤੱਕ ਨਹੀਂ ਸੁਣਿਆਂ। ਸਿਰਫ਼ "ਅਮ੍ਰਿਤਾ ਦੀਆਂ ਧੀਆਂ" ਨਾਂ ਨਾਲ ਬਣਿਆਂ ਇਸਤਰੀ ਲੇਖਕਾਂ ਦਾ ਇੱਕ ਸਮੂਹ ਜ਼ਰੂਰ ਕਦੇ ਕਦੇ ਅਮ੍ਰਿਤਾ ਜੀ ਨੂੰ ਯਾਦ ਕਰ ਲੈਂਦਾ ਹੈ।ਉਹ ਵੀ ਜਿਉਂਦੀ ਰਹੇ ਅਮੀਆ ਕੁੰਵਰ.."

ਅਸਲ ਵਿੱਚ ਗੱਲ ਤਾਂ ਅਮੀਆ ਕੁੰਵਰ ਦੀ ਕਰਨੀ ਹੈ। ਪ੍ਰੋ ਅਮਰਜੀਤ ਕੌਰ ਦੀ ਜੋ ਅਮ੍ਰਿਤਾ ਜੀ ਦੀ ਪ੍ਰਸੰਸਕ, ਅਨੁਵਾਦਕ, ਆਲੋਚਕ, ਸ਼ਾਇਰਾ ਅਤੇ ਇੱਕ ਤਰ੍ਹਾਂ ਅਮ੍ਰਿਤਾ ਜੀ ਦੇ ਪਰਿਵਾਰ ਦਾ ਹਿੱਸਾ ਰਹੀ ਅਤੇ ਅੱਜ ਤੱਕ ਅਹਿਸਾਸ ਦੇ ਪੱਧਰ ਤੇ ਉਸ ਪਰਿਵਾਰ ਦੇ ਸੰਗ ਸਾਥ ਵਿੱਚ ਹੈ। ਅਮ੍ਰਿਤਾ ਪ੍ਰੀਤਮ ਹੁਰਾਂ ਦੀਆਂ ਅਨੇਕਾਂ ਕਿਤਾਬਾਂ ਦਾ ਅਨੁਵਾਦ ਅਮੀਆ ਹੁਰਾਂ ਨੇ ਕੀਤਾ ਹੈ।

ਅਮ੍ਰਿਤਾ ਪ੍ਰੀਤਮ ਹੁਰਾਂ ਦਾ ਜ਼ਿਕਰ ਇਮਰੋਜ਼ ਤੋਂ ਬਗ਼ੈਰ ਕਿੰਝ ਮੁਕੰਮਲ ਹੋ ਸਕਦਾ ਹੈ। ਚਿਤਰਕਾਰ ਇੰਦਰਜੀਤ ਜੋ ਅਮ੍ਰਿਤਾ ਜੀ ਦੇ ਸੰਗ ਸਾਥ ਵਿੱਚ ਇਮਰੋਜ਼ ਬਣਿਆ ਤੇ ਫਿਰ ਸਦਾ ਲਈ ਅਮ੍ਰਿਤਾ ਦਾ 'ਪਰਛਾਂਵਾਂ ਹੋ ਗਿਆ। ਇਹਨਾਂ ਦੇ ਰਿਸ਼ਤੇ ਨੂੰ ਸਮਕਾਲੀਆਂ ਨੇ ਬਹੁਤ ਸਾਰੇ ਕੋਣਾਂ ਤੋਂ ਵੇਖਣ ਪਰਖਣ ਦੀ ਕੋਸ਼ਿਸ਼ ਕੀਤੀ ਹੈ। ਜਨਾਬ ਸੁਰਜੀਤ ਪਾਤਰ ਦਾ ਇੱਕ ਸ਼ਿਅਰ ਇਮਰੋਜ਼ ਨਾਮੀ ਵਰਤਾਰੇ ਨੂੰ ਬਹੁਤ ਠੀਕ ਹੱਦ ਤੱਕ ਬਿਆਨ ਕਰ ਦਿੰਦਾ ਹੈ

ਤਾਰਿਆਂ ਤੋਂ ਰੇਤ ਵੀ ਬਣਿਆ ਹਾਂ ਮੈਂ,
ਤੈਨੂੰ ਹਰ ਇਕ ਕੋਣ ਤੋਂ ਦੇਖਣ ਲਈ।

ਖ਼ੈਰ ਬਹੁਤ ਲੋਕ ਅਮ੍ਰਿਤਾ ਇਮਰੋਜ਼ ਨੂੰ ਭੁੱਲ ਭੁਲਾ ਗਏ ਪਰ ਅਮੀਆ ਉੱਥੇ ਹੀ ਖੜ੍ਹੀ ਰਹੀ। ਅੱਜ ਵੀ ਉਹਨਾਂ ਰਿਸ਼ਤਿਆਂ ਨੂੰ ਜੀਅ ਰਹੀ। ਦੋ ਕੁ ਵਰ੍ਹੇ ਪਹਿਲਾਂ ਉਸ ਦੀ ਕਿਤਾਬ ਆਈ "ਇਮਰੋਜ਼ਨਾਮਾ। ਕਿਤਾਬ ਨਹੀਂ ਅਭਿਨੰਦਨ ਗ੍ਰੰਥ। ਤਕਰੀਬਨ ਢਾਈ ਸੌ ਪੰਨਿਆਂ ਵਿੱਚ ਫੈਲਿਆ ' ਇਮਰੋਜ਼ '। ਤਿੰਨ ਦਰਜਨ ਦੇ ਕਰੀਬ ਲੇਖਕਾਂ ਨੇ ਆਪੋ ਆਪਣੇ ਹਿੱਸੇ ਦੇ ਇਮਰੋਜ਼ ਲਿਖਿਆ ਹੈ। ਕੁਝ ਬਹੁਤ ਪੁਰਾਣੇ ਲੇਖਾਂ ਅਤੇ ਲੇਖਕਾਂ ਤੋਂ ਲੈ ਕੇ ਨਵੇਂ ਲੇਖ ਅਤੇ ਲੇਖਕ ਇਸ ਕਿਤਾਬ ਵਿੱਚ ਸ਼ਾਮਲ ਹਨ। ਉਹਨਾਂ ਦਿਨਾਂ ਵਿੱਚ ਆਪਣੇ ਮਨ ਦਾ ਮੌਸਮ ਵੱਲ ਨਹੀਂ ਸੀ। ਪੜ੍ਹਨ ਲਿਖਣ ਨਾਲ ਆਪਣੀ 7/51 ਸੀ। ਇਸ ਲਈ ਕਿਤਾਬ ਇੱਕ ਨੁੱਕਰ ਵਿੱਚ ਪਈ ਰਹੀ। ਹੁਣ ਜਦੋਂ ਰੁੱਤਾਂ ਬਦਲ ਰਹੀਆਂ ਨੇ ਤਾਂ ਕਿਤਾਬ ਵੀ ਪੜ੍ਹੀ ਜਾ ਰਹੀ ਹੈ ਖ਼ੈਰ....

ਇਮਰੋਜ਼ ਨਾਲ ਮੁਲਾਕਾਤਾਂ, ਉਸ ਬਾਰੇ ਲਿਖੀਆਂ ਕਵਿਤਾਵਾਂ, ਸਮਕਾਲੀਆਂ ਦੇ ਉਸਨੂੰ ਲਿਖੇ ਖ਼ਤ, ਇਮਰੋਜ਼ ਦੀਆਂ ਕਵਿਤਾਵਾਂ, ਯਾਦਾਂ ਤੇ ਸੈਂਕੜੇ ਤਸਵੀਰਾਂ ਨਾਲ ਸ਼ਿੰਗਾਰੀ ਇਹ ਕਿਤਾਬ ਸੱਚੀਮੁੱਚੀ ਮੁਹੱਬਤ ਦਾ ਦਸਤਾਵੇਜ਼ ਹੈ। ਸੱਚਲ ਪ੍ਰਕਾਸ਼ਨ ਵਾਲਿਆਂ ਵੀ ਇਸ ਰੂਹ ਨਾਲ ਛਾਪਿਆ ਹੈ। ਇਸ ਤਰ੍ਹਾਂ ਦੀਆਂ ਕਿਤਾਬਾਂ ਕੋਈ ਮੁਹੱਬਤ ਨਾਲ ਭਰਿਆ ਜੀਅ ਹੀ ਤਿਆਰ ਕਰ ਸਕਦਾ ਹੈ। ਅਮੀਆ ਕੁੰਵਰ ਹੁਰਾਂ ਨੇ ਇਹ ਕਰ ਵਿਖਾਇਆ ਹੈ। ਇਮਰੋਜ਼ ਦੀ ਜ਼ਿੰਦਗੀ ਦੇ ਬਹੁਤ ਵੱਡੇ ਹਿੱਸੇ ਨੂੰ ਸਾਂਭ ਲਿਆ ਗਿਆ ਹੈ। ਪਰੂਫ਼ ਦੀਆਂ ਗ਼ਲਤੀਆਂ ਕਿਤੇ ਕਿਤੇ ਬਹੁਤ ਰੜਕਦੀਆਂ ਹਨ।

ਬਹੁਤ ਪਿਆਰ ਬਹੁਤ ਸਤਿਕਾਰ...

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

## ਡ ਮਿੱਲ ਸ਼ੇਰੋ ਦੀ ਮਾਲਕੀ ਬਦਲਣ ਖ਼ਿਲਾਫ਼ 21 ਮਈ ਤੋਂ ਮੁੜ ਲੱਗੇਗਾ ਪੱਕਾ ਮੋਰਚਾ: ਸੰਯੁਕਤ ਕਿਸਾਨ ਮੋਰਚਾ



ਕਿਸਾਨਾਂ ਦੀ ਜਾਇਦਾਦ ਕਿਸੇ ਵੀ ਕੀਮਤ 'ਤੇ ਨਹੀਂ ਵਿਕਣ ਦਿਆਂਗੇ" — ਕਿਸਾਨ ਆਗੂ |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ, 11 ਮਈ

ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਅਧੀਨ ਕੰਮ ਕਰ ਰਹੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਇੱਕ ਅਹਿਮ ਮੀਟਿੰਗ ਸਥਾਨਕ ਗਾਂਧੀ ਪਾਰਕ ਤਰਨ ਤਾਰਨ ਵਿਖੇ ਦਵਿੰਦਰ ਸੋਹਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਪੰਜਾਬ ਸਰਕਾਰ ਵੱਲੋਂ ਸਹਿਕਾਰੀ ਖੰਡ ਮਿੱਲ ਸ਼ੇਰੋ ਦੀ ਮਾਲਕੀ ਬਦਲਣ ਦੇ ਫੈਸਲੇ ਖ਼ਿਲਾਫ਼ ਸੰਘਰਸ਼ ਦੀ ਅਗਲੀ ਰਣਨੀਤੀ ਤਿਆਰ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਮਨਜੀਤ ਸਿੰਘ ਬੱਗੂ, ਮੇਹਰ ਸਿੰਘ ਸਖੀਰਾ, ਸੁਖਦੇਵ ਸਿੰਘ ਤੁੜ, ਭੁਪਿੰਦਰ ਸਿੰਘ ਪੰਡੋਰੀ ਤਖਤ ਮਲ, ਡਾ. ਇੰਦਰਜੀਤ ਸਿੰਘ ਮਰਹਾਣਾ, ਅੰਮ੍ਰਿਤਪਾਲ ਸਿੰਘ ਜੌੜਾ, ਤਰਸੇਮ ਸਿੰਘ ਲੁਹਾਰ, ਦਿਲਬਾਗ ਸਿੰਘ ਮਾੜੀ, ਭੁਪਿੰਦਰ ਸਿੰਘ ਮੋਹਨਪੁਰ ਅਤੇ ਨਛੱਤਰ ਸਿੰਘ ਪੰਨੂ ਸਮੇਤ ਵੱਖ-ਵੱਖ ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਦੀ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਆਗੂਆਂ ਨੇ ਕਿਹਾ ਕਿ ਕਿਸਾਨਾਂ ਦੇ ਹਿੱਸਿਆਂ (ਸ਼ੇਅਰਾਂ) ਨਾਲ ਬਣੀ ਖੰਡ ਮਿੱਲ ਨੂੰ ਸਰਕਾਰ ਵੱਲੋਂ ਵਾਧੂ ਜਾਇਦਾਦ ਸਮਝ ਕੇ ਮਾਲਕੀ ਤਬਦੀਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕਿਸਾਨ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਖੰਡ ਮਿੱਲ ਸ਼ੇਰੋ ਦੀ ਜ਼ਮੀਨ 'ਤੇ ਕੀਤੀ ਜਾ ਰਹੀ ਨਜਾਇਜ਼ ਉਸਾਰੀ ਨੂੰ ਤੁਰੰਤ ਰੋਕਿਆ ਜਾਵੇ ਅਤੇ ਬੰਦ ਪਈ ਖੰਡ ਮਿੱਲ ਨੂੰ ਮੁੜ ਚਾਲੂ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਲਗਾਤਾਰ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਲਾਮਬੰਦ ਕਰ ਰਿਹਾ ਹੈ ਤਾਂ ਜੋ ਖੇਤੀਬਾੜੀ ਅਤੇ ਕਿਸਾਨੀ ਸੰਪਤੀ ਨੂੰ ਬਚਾਉਣ ਲਈ ਵੱਡਾ ਸੰਘਰਸ਼ ਖੜ੍ਹਾ ਕੀਤਾ ਜਾ ਸਕੇ।

ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ 21 ਮਈ 2026 ਨੂੰ ਸੰਯੁਕਤ ਕਿਸਾਨ ਮੋਰਚਾ ਨਾਲ ਸੰਬੰਧਿਤ ਸਮੂਹ ਜਥੇਬੰਦੀਆਂ ਖੰਡ ਮਿੱਲ ਸ਼ੇਰੋ ਵਿਖੇ ਮੁੜ ਤੋਂ ਪੱਕਾ ਮੋਰਚਾ ਸ਼ੁਰੂ ਕਰਨਗੀਆਂ। ਇਹ ਮੋਰਚਾ ਮੰਗਾਂ ਮੰਨੇ ਜਾਣ ਤੱਕ ਲਗਾਤਾਰ ਜਾਰੀ ਰਹੇਗਾ। ਇਸ ਸੰਘਰਸ਼ ਦੀ ਸ਼ੁਰੂਆਤ 21 ਮਈ ਨੂੰ ਗੁਰਦੁਆਰਾ ਸਾਹਿਬ ਬਾਬਾ ਸਧਾਣਾ ਸ਼ੇਰੋ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਕੀਤੀ ਜਾਵੇਗੀ।

ਕਿਸਾਨ ਆਗੂਆਂ ਨੇ ਸਮੂਹ ਕਿਸਾਨਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਚੜ੍ਹ ਕੇ ਇਸ ਪੱਕੇ ਮੋਰਚੇ ਦਾ ਸਾਥ ਦੇਣ ਤਾਂ ਜੋ ਕਿਸਾਨਾਂ ਦੀ ਸਾਂਝੀ ਜਾਇਦਾਦ ਨੂੰ ਬਚਾਇਆ ਜਾ ਸਕੇ।

ਇਸ ਮੌਕੇ ਹਰਦੀਪ ਸਿੰਘ ਕੱਦ ਗਿੱਲ, ਜੱਸਾ ਸਿੰਘ ਕੱਦ ਗਿੱਲ, ਗੁਰਪ੍ਰਤਾਪ ਸਿੰਘ ਮੋਹਨਪੁਰ, ਸਤਪਾਲ ਸਿੰਘ ਨੱਥੋਕੇ, ਸੁਖਚੈਨ ਸਿੰਘ ਸਰਹਾਲੀ ਖੁਰਦ, ਸੁਖਬਾਜ ਸਿੰਘ ਸਿੱਧੂ ਅਤੇ ਪਰਗਟ ਸਿੰਘ ਸ਼ੇਰੋ ਸਮੇਤ ਹੋਰ ਆਗੂ ਵੀ ਹਾਜ਼ਰ ਸਨ।

## ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਰੂਪ ਚੰਦ ਹਰੀਗੜ੍ਹ ਦੇ ਕਾਵਿ ਸੰਗ੍ਰਹਿ ਕਲਮ ਦੀ ਆਵਾਜ਼ ਦਾ ਲੋਕ ਅਰਪਣ



ਰਾਮ ਸਰੂਪ ਰਿਖੀ ਦੇ ਨਾਵਲ ਤੇ ਕਰਵਾਈ ਗੋਸਟੀ |

ਬਰਨਾਲਾ (ਚੰਡਿਹੋਕ) ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈਟੀਆਈ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ।

ਇਸ ਸਮਾਗਮ ਵਿੱਚ ਸਰੂਪ ਚੰਦ ਹਰੀਗੜ੍ਹ ਦੇ ਕਾਵਿ ਸੰਗ੍ਰਹਿ ਕਲਮ ਦੀ ਆਵਾਜ਼ ਦਾ ਲੋਕ ਅਰਪਣ ਕੀਤਾ ਗਿਆ। ਪੁਸਤਕ ਉਪਰ ਆਪਣੇ ਵਿਚਾਰ ਪੇਸ਼ ਕਰਦਿਆਂ ਸਭਾ ਦੇ ਪ੍ਰਧਾਨ ਡਾ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਸਰੂਪ ਚੰਦ ਹਰੀਗੜ੍ਹ ਦੀ ਕਵਿਤਾ ਚੇਤਨ ਮਨੁੱਖ ਨੂੰ ਹਲੂਣਦੀ ਆਸ਼ਾਵਾਦੀ ਕਵਿਤਾ ਹੈ ਜੋ ਜਬਰ ਨਾਲ ਲੜਨ ਲਈ ਹਿੰਮਤ ਅਤੇ ਹੌਸਲਾ ਪੈਦਾ ਕਰਦੀ ਹੈ। ਜੁਗਰਾਜ ਧੌਲ ਨੇ ਕਿਹਾ ਕਿ ਸਰੂਪ ਚੰਦ ਹਰੀਗੜ੍ਹ ਨੇ ਭਖਦੇ ਮਸਲਿਆਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ ਵਿਸ਼ੇ ਪੱਖ ਦੇ ਨਾਲ ਨਾਲ ਰੂਪਕ ਪੱਖ ਤੋਂ ਵੀ ਕਵਿਤਾ ਖਰੀ ਉਤਰਦੀ ਹੈ। ਤੇਜਾ ਸਿੰਘ ਤਿਲਕ ਨੇ ਕਿਹਾ ਕਿ ਇਸ ਪੁਸਤਕ ਦੇ ਸਾਰੇ ਗੀਤ ਪੁਰਾਤਨ ਸੱਭਿਆਚਾਰ ਅਤੇ ਵਿਰਸੇ ਦੇ ਲਿਖਾਇਕ ਹਨ। ਉਪਰੰਤ ਰਾਮ ਸਰੂਪ ਰਿਖੀ ਦੇ ਨਾਵਲ ਮੈਂ ਪ੍ਰਚੰਡ ਭਵਾਨੀ ਉੱਪਰ ਗੋਸ਼ਟੀ ਕਰਵਾਈ ਗਈ ਜਿਸ ਉੱਪਰ ਪਰਚਾ ਪੜ੍ਹਦਿਆਂ ਪ੍ਰਿੰਸੀਪਲ ਪਰਮਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਇਸ ਨਾਵਲ ਦਾ ਕਥਾ ਪਟ ਵਰਤਮਾਨ ਸਮੇਂ ਦੇ ਵਰਤਾਰੇ ਵਿਸ਼ਵੀਕਰਨ ਉੱਪਰ ਕੇਂਦਰਿਤ ਹੈ ਇਹ ਨਾਵਲ ਸਾਮਰਾਜ ਦੇ ਨਵੇਂ ਰੂਪ ਵਿਸ਼ਵੀਕਰਨ ਜਾਂ ਸੰਸਾਰੀਕਰਨ ਦੀਆਂ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਤੌਰ ਤੇ ਖੋਖਲੀਆਂ ਹੋ ਚੁੱਕੀਆਂ ਨੀਤੀਆਂ ਦਾ ਕੱਚਾ ਚਿੱਠਾ ਪੇਸ਼ ਕਰਦਾ ਹੈ । ਐਡਵੋਕੇਟ ਦਲਜੀਤ ਸਿੰਘ ਸ਼ਾਹੀ ਨੇ ਕਿਹਾ ਕਿ ਇਹ ਨਾਵਲ ਜਮਾਤੀ ਚੇਤਨਾ ਅਤੇ ਸੰਘਰਸ਼ ਦਾ ਵਾਹਕ ਨਾਵਲ ਹੈ। ਇਹ ਨਾਵਲ ਵਿਸ਼ਵੀਕਰਨ ਦੀਆਂ ਮਾਨਤਾਵਾਂ ਦਾ ਪ੍ਰਤੀਉਤਰ ਸਿਰਜਦਾ ਹੈ। ਇਹਨਾਂ ਤੋਂ ਇਲਾਵਾ ਨਾਵਲਕਾਰ ਦਰਸ਼ਨ ਸਿੰਘ ਗੁਰੂ ਜਗਤਾਰ ਜਜ਼ੀਰਾ ਸਨੇਹਇੰਦਰ ਸਿੰਘ ਮੀਲੂ ਕਮਲਜੀਤ ਨੀਲੋਂ ਰਾਮ ਸਰੂਪ ਸ਼ਰਮਾ ਪਰਮਜੀਤ ਮਾਨ ਸਾਦ ਮੁਹੰਮਦ ਭਦੌੜ ਡਾ ਅਮਨਦੀਪ ਸਿੰਘ ਟੱਲੇਵਾਲੀਆ ਚਰਨਜੀਤ ਕੌਰ ਅਤੇ ਹਰਭਜਨ ਸਿੰਘ ਭੋਤਨਾ ਨੇ ਵੀ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਹੰਸ ਸਿੰਘ ਭਗਤਾ ਭਾਈ ਸਿੰਦਰ ਧੌਲਾ ਲਖਵਿੰਦਰ ਸਿੰਘ ਠੀਕਰੀਵਾਲ ਚਮਕੌਰ ਸਿੰਘ ਸੇਖੋਂ ਤੇਜਿੰਦਰ ਚੰਡਿਹੋਕ ਰਜਨੀਸ਼ ਕੌਰ ਬਬਲੀ ਗਗਨ ਸੰਧੂ ਡਾ ਉਜਾਗਰ ਸਿੰਘ ਮਾਨ ਪ੍ਰਿੰਸੀਪਲ ਕੌਰ ਸਿੰਘ ਧਨੌਲਾ ਮਲਕੀਤ ਸਿੰਘ ਭੱਠਲ ਸਰਵਨ ਸਿੰਘ ਕਾਲਾਬੂਲਾ ਐਸ ਪੀ ਕਾਲੇਕੇ ਗੁਰਤੇਜ ਸਿੰਘ ਮੱਖਣ ਗੁਰਤੇਜ ਸਿੰਘ ਹਠੂਰ ਰਾਮ ਸਿੰਘ ਹਠੂਰ ਗੁਰਜੰਟ ਸਿੰਘ ਸੋਹਲ ਬਲਵੀਰ ਸਿੰਘ ਮੰਡੇਰ ਸੱਜਣ ਸਿੰਘ ਦਾਨਗੜ੍ਹ ਬਘੇਲ ਸਿੰਘ ਧਾਲੀਵਾਲ ਚਰਨੀ ਬੇਦਿਲ ਦਲਵਾਰ ਸਿੰਘ ਧਨੌਲਾ ਰਾਮ ਸਿੰਘ ਬੀਹਲਾ ਕਿਰਨਦੀਪ ਕੌਰ ਭਾਈਰੂਪਾ ਅਵਤਾਰ ਸਿੰਘ ਢਿੱਲੋਂ ਅਤੇ ਰਘਵੀਰ ਸਿੰਘ ਗਿੱਲ ਕੱਟੂ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਬਹੁਤ ਸਾਰੇ ਸਾਹਿਤ ਪ੍ਰੇਮੀਆਂ ਤੋਂ ਇਲਾਵਾ ਪਿੰਡ ਹਰੀਗੜ੍ਹ ਦੀ ਪੰਚਾਇਤ ਅਤੇ ਪਤਵੰਤਿਆਂ ਨੇ ਆਪਣੀ ਹਾਜ਼ਰੀ ਲਵਾਈ ਅਤੇ ਪਿੰਡ ਦੀ ਪੰਚਾਇਤ ਵੱਲੋਂ ਸਰੂਪ ਚੰਦ ਹਰੀਗੜ੍ਹ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਡਾ. ਸੁਰਜੀਤ ਪਾਤਰ ਦੀ ਬਰਸੀ 'ਤੇ ਵਿਸ਼ੇਸ



ਪੰਜਾਬੀ ਸਾਹਿਤ ਦੇ ਮਹਾਨ ਕਵੀ ਡਾ.
ਸੁਰਜੀਤ ਪਾਤਰ ਦੀ ਬਰਸੀ ਮੌਕੇ ਸਾਹਿਤਕ ਹਲਕਿਆਂ ਵਿੱਚ ਗਹਿਰਾ ਸਨਮਾਨ ਅਤੇ ਅਦਬ ਨਾਲ ਉਨ੍ਹਾਂ ਨੂੰ ਯਾਦ ਕੀਤਾ ਜਾ ਰਿਹਾ ਹੈ। 14 ਜਨਵਰੀ 1945 ਨੂੰ ਲੁਧਿਆਣਾ ਵਿੱਚ ਜਨਮੇ ਡਾ. ਪਾਤਰ ਨੇ ਆਪਣੀ ਕਵਿਤਾ ਰਾਹੀਂ ਪੰਜਾਬੀ ਮਾਂ-ਬੋਲੀ ਨੂੰ ਨਵੀਂ ਉਚਾਈ ਬਖ਼ਸ਼ੀ।

ਉਨ੍ਹਾਂ ਦੀ ਕਵਿਤਾ ਵਿੱਚ ਮਨੁੱਖਤਾ, ਸਮਾਜਕ ਚੇਤਨਾ, ਦਰਦ, ਆਸ ਅਤੇ ਇਨਕਲਾਬੀ ਵਿਚਾਰਾਂ ਦੀ ਡੂੰਘੀ ਝਲਕ ਮਿਲਦੀ ਹੈ। "ਹਵਾ ਵਿੱਚ ਲਿਖੇ ਹਰਫ਼", "ਬਿਰਖ ਅਰਜ਼ ਕਰੇ", "ਲਫ਼ਜ਼ਾਂ ਦੀ ਦਰਗਾਹ" ਅਤੇ "ਪੱਤਝੜ ਦੀ ਪਜ਼ੇਬ" ਵਰਗੀਆਂ ਰਚਨਾਵਾਂ ਅੱਜ ਵੀ ਪੰਜਾਬੀ ਪਾਠਕਾਂ ਦੇ ਦਿਲਾਂ ਵਿੱਚ ਜੀਵੰਤ ਹਨ।

ਡਾ. ਪਾਤਰ ਨੂੰ ਸਾਹਿਤਿਆ ਅਕਾਦਮੀ ਅਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨਿਤ ਕੀਤਾ ਗਿਆ। ਉਹ ਇੱਕ ਸੰਵੇਦਨਸ਼ੀਲ ਅਧਿਆਪਕ, ਚਿੰਤਕ ਅਤੇ ਬੇਹੱਦ ਮਿਲਣਸਾਰ ਇਨਸਾਨ ਸਨ।

ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਕੁਝ ਪੰਕਤੀਆਂ ਅੱਜ ਵੀ ਲੋਕਾਂ ਨੂੰ ਚਾਨਣ, ਹੌਸਲੇ ਅਤੇ ਸੱਚ ਦੀ ਆਵਾਜ਼ ਬਣਨ ਲਈ ਪ੍ਰੇਰਿਤ ਕਰਦੀਆਂ ਹਨ:

"ਜੇ ਆਈ ਪੱਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ"
ਅਤੇ
"ਉੱਠ ਜਗਾ ਦੇ ਮੋਮਬੱਤੀਆਂ"

ਇਹ ਪੰਕਤੀਆਂ ਅੱਜ ਦੇ ਸਮੇਂ ਵਿੱਚ ਵੀ ਲੋਕਾਂ ਨੂੰ ਹਨੇਰੇ ਖ਼ਿਲਾਫ਼ ਚਾਨਣ ਜਗਾਉਣ ਦਾ ਸੰਦੇਸ਼ ਦਿੰਦੀਆਂ ਹਨ।

ਡਾ. ਪਾਤਰ ਭਾਵੇਂ ਅੱਜ ਸਾਡੇ ਵਿਚ ਸਰੀਰਕ ਤੌਰ 'ਤੇ ਮੌਜੂਦ ਨਹੀਂ, ਪਰ ਉਨ੍ਹਾਂ ਦੇ ਲਫ਼ਜ਼ ਪੰਜਾਬੀ ਸਾਹਿਤ ਦੇ ਅਸਮਾਨ 'ਤੇ ਸਦਾ ਚਮਕਦੇ ਰਹਿਣਗੇ।

ਪੇਸ਼ਕਸ - ਗੁਰਪ੍ਰੀਤ ਸਿੰਘ ਕੱਦ ਗਿੱਲ
9876319600

## ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਵਲੋਂ ਚੋਹਲਾ ਸਾਹਿਬ ਵਿਖੇ ਅਕਾਲੀ ਵਰਕਰਾਂ ਨਾਲ ਮੀਟਿੰਗ



ਚੋਹਲਾ ਸਾਹਿਬ 11 ਮਈ 2026 (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇੰਚਾਰਜ ਬੀਬਾ ਰਮਨਦੀਪ ਕੌਰ ਦੇ ਪਤੀ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਵਲੋਂ ਚੋਹਲਾ ਸਾਹਿਬ ਵਿਖੇ ਅਕਾਲੀ ਵਰਕਰਾਂ ਨਾਲ ਮੀਟਿੰਗ ਦੌਰਾਨ ਅਕਾਲੀ ਵਰਕਰਾਂ ਵਲੋਂ ਬੀਬਾ ਰਮਨਦੀਪ ਕੌਰ ਨੂੰ ਹਲਕਾ ਇੰਚਾਰਜ ਨਿਯੁਕਤ ਕਰਨ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸਰਪੰਚ ਅਵਤਾਰ ਸਿੰਘ ਬਿੱਲਾ ਸ਼ੇਰੋਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਹਲਕਾ ਇੰਚਾਰਜ ਬੀਬਾ ਰਮਨਦੀਪ ਕੌਰ ਅਤੇ ਸਰਪੰਚ ਅਵਤਾਰ ਸਿੰਘ ਬਿੱਲਾ ਨਾਲ ਮੋਢੇ ਨਾਲ ਮੋਢਾ ਲਾ ਕੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਛੱਡਣਗੇ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਬੀਬਾ ਰਮਨਦੀਪ ਕੌਰ ਅਤੇ ਸਰਪੰਚ ਅਵਤਾਰ ਸਿੰਘ ਬਿੱਲਾ ਵਲੋਂ ਹਲਕੇ ਦੇ ਹਰ ਪਿੰਡ ਵਿੱਚ ਘਰ-ਘਰ ਜਾਕੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ,ਉਸ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਵੱਡਾ ਬਲ ਮਿਲ ਰਿਹਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਲਵੰਤ ਸਿੰਘ ਗਾਬੜੀਆ, ਬੀਸੀ ਵਿੰਗ ਦੇ ਸਕੱਤਰ ਭੁਪਿੰਦਰ ਸਿੰਘ ਗਾਬੜੀਆ ਤੇ ਦੁਸੰਧਾ ਸਿੰਘ ਗਾਬੜੀਆ,ਜਸਵਿੰਦਰ ਸਿੰਘ ਰੋਮੀ, ਗੁਰਵੇਲ ਸਿੰਘ ਫੌਜੀ,ਮਨੀ ਗਾਬੜੀਆ, ਕੁਲਵਿੰਦਰ ਸਿੰਘ, ਭਾਈ ਰਾਮਜੀਤ ਸਿੰਘ ਕਵਲ ਗਾਬੜੀਆ,ਸੁਨੀਲ ਕੁਮਾਰ,ਅਮਨ ਸ਼ਰਮਾਂ,ਬਲਵਿੰਦਰ ਸਿੰਘ,ਬੱਬਲ ਟੇਲਰ ਮਾਸਟਰ,ਬੱਬੂ ਆਦਿ ਹਾਜ਼ਰ ਸਨ।



